ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 800/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਭਾਰਤ ਦਾ ਇਕੋ-ਇੱਕ ਪੰਜਾਬੀ ਖੇਤੀਬਾੜੀ ਹਫਤਾਵਾਰੀ ਅਖ਼ਬਾਰ

# ਖੇਤੀ ਦੁਨੀਆਂ

WEEKLY KHETI DUNIYAN

Rs. 10/-

All Disputes Subject to Patiala Jurisdiction


Excellence in Agri Info

KHETI DUNIYAN, PATIALA


ਸਾਲ 44 • ਅੰਕ 5 • ਸ਼ਨੀਵਾਰ 31 ਜਨਵਰੀ, 2026

Editor : Jagpreet Singh ● Postage Regd. No. PB/PTA/0338/2025-2027 ● RNI 42269/83 (PUNPUN00806) ● Page : 8 ● Mktg. Office : KD Complex, Gaushala Road, Patiala (Pb.) ● E-mail : khetiduniyan1983@gmail.com





# ਕਿਉਂ ਜ਼ਹਿਰੀਲਾ ਹੁੰਦਾ ਜਾ ਰਿਹੈ ਮਾਲਵੇ ਦਾ ਪਾਣੀ?



ਖੁਸ਼ਵਿੰਦਰ ਸਿੰਘ ਸੂਰੀਯਾ, ਤਪਾ ਮੰਡੀ, ਜ਼ਿਲ੍ਹਾ ਬਰਨਾਲਾ ਮੋ. 94635-10941

ਪੰਜਾਬ ਦੀ ਧਰਤੀ ਨੂੰ ਸਦਾ ਤੋਂ ਹੀ ਖੁਸ਼ਹਾਲੀ, ਹਰਿਆਵਲੀ ਤੇ ਅੰਨ ਭੰਡਾਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਪੰਜਾਬ ਦੇ ਮਾਲਵਾ ਖੇਤਰ, ਜਿਸ ਵਿੱਚ ਬਠਿੰਡਾ, ਮਾਨਸਾ, ਮੁਕਤਸਰ, ਫਾਜ਼ਿਲਕਾ, ਫ਼ਰੀਦਕੋਟ, ਬਰਨਾਲਾ, ਸੰਗਰੂਰ, ਪਟਿਆਲਾ ਸ਼ਾਮਿਲ ਹਨ ਤੇ ਜਿੱਥੇ ਹਰੇ-ਭਰੇ ਖੇਤਾਂ ਵਿੱਚ ਕਣਕ-ਚੌਲ ਦੀ ਭਰਪੂਰ ਪੈਦਾਵਾਰ ਹੁੰਦੀ ਹੈ, ਉੱਥੇ ਟਿਊਬਵੈੱਲਾਂ ਨਾਲ ਧਰਤੀ ਹੇਠਲੀਆਂ ਪਰਤਾਂ ਵਿੱਚੋਂ ਪੀਣ ਤੇ ਖੇਤੀ ਲਈ ਕੱਢੇ ਜਾਂਦੇ ਪਾਣੀ ਵਿੱਚ ਇੱਕ ਅਦਿੱਖ ਤੇ ਬਹੁਤ ਖ਼ਤਰਨਾਕ ਸਮੱਸਿਆ ਪਿਛਲੇ ਕਈ ਸਾਲਾਂ ਤੋਂ ਪੈਦਾ ਹੋ ਚੁੱਕੀ ਹੈ। ਜ਼ਮੀਨੀ ਪਾਣੀ ਵਿੱਚ ਯੂਰੇਨੀਅਮ ਤੇ ਹੋਰ ਭਾਰੀ ਧਾਤਾਂ ਦੀ ਮਿਲਾਵਟ ਵਾਲੀ ਸਮੱਸਿਆ ਹੌਲੀ-ਹੌਲੀ ਲੋਕਾਂ ਦੀ ਸਿਹਤ, ਆਉਣ ਵਾਲੀਆਂ ਪੀੜ੍ਹੀਆਂ ਤੇ ਪੂਰੇ ਖੇਤਰ ਦੇ ਭਵਿੱਖ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਪੰਜਾਬ ਦੇ ਪਿੰਡਾਂ ਵਿੱਚ ਆਮ ਕਰਕੇ ਨਲਕੇ, ਟਿਊਬਵੈੱਲ ਜਾਂ ਮੋਟਰਾਂ ਰਾਹੀਂ ਪਾਣੀ ਜ਼ਮੀਨ ਵਿੱਚੋਂ ਕੱਢ ਕੇ ਪੀਣ ਅਤੇ ਸਿੰਜਾਈ ਲਈ ਵਰਤਿਆ ਜਾਂਦਾ ਹੈ। ਹਰੀ ਕ੍ਰਾਂਤੀ ਦੇ ਦੌਰ ਤੋਂ ਬਾਅਦ ਜਦੋਂ ਸਿੰਜਾਈ ਲਈ ਨਹਿਰਾਂ ਦੇ ਨਾਲ-ਨਾਲ ਜ਼ਮੀਨੀ ਪਾਣੀ ਦੀ ਬੇਹਿਸਾਬ ਵਰਤੋਂ ਹੋਣ ਲੱਗੀ ਤਾਂ ਪਾਣੀ ਦਾ ਪੱਧਰ ਹੇਠਾਂ ਜਾਣ ਲੱਗਾ। ਜਿਉਂ-ਜਿਉਂ ਪਾਣੀ ਡੂੰਘਾਈ ਤੋਂ ਕੱਢਿਆ ਜਾਣ ਲੱਗਾ ਤਾਂ ਧਰਤੀ ਦੀਆਂ ਅੰਦਰੂਨੀ ਪਰਤਾਂ ਵਿੱਚ ਮੌਜੂਦ ਖਣਿਜ ਪਦਾਰਥ ਪਾਣੀ ਵਿੱਚ ਘੁਲਣ ਲੱਗੇ। ਇਨ੍ਹਾਂ ਖਣਿਜਾਂ ਵਿੱਚੋਂ ਇੱਕ



ਯੂਰੇਨੀਅਮ ਹੈ, ਜੋ ਭਾਰੀ ਤੇ ਰੇਡੀਏਸ਼ਨ ਵਾਲੀ ਧਾਤ ਹੈ। ਅਕਸਰ ਪ੍ਰਮਾਣੂ ਬਿਜਲੀ ਘਰਾਂ ਜਾਂ ਬੰਬਾਂ ਦੀ ਗੱਲ ਕਰਦਿਆਂ ਯੂਰੇਨੀਅਮ ਦੀ ਯਾਦ ਆਉਂਦੀ ਹੈ, ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਯੂਰੇਨੀਅਮ ਕੁਦਰਤੀ ਤੌਰ 'ਤੇ ਮਿੱਟੀ ਤੇ ਚੱਟਾਨਾਂ ਵਿੱਚ ਵੀ ਮੌਜੂਦ ਹੁੰਦਾ ਹੈ। ਵਿਸ਼ਵ ਸਿਹਤ ਸੰਸਥਾ ਤੇ ਭਾਰਤੀ ਮਿਆਰਾਂ ਅਨੁਸਾਰ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਇੱਕ ਨਿਰਧਾਰਤ ਹੱਦ (30 ਪੀਪੀਬੀ) ਤੋਂ ਵੱਧ ਨਹੀਂ ਹੋਣੀ ਚਾਹੀਦੀ, ਪਰ ਮਾਲਵੇ ਦੇ ਕਈ ਪਿੰਡਾਂ ਵਿੱਚ ਇਹ ਮਾਤਰਾ ਇਸ ਹੱਦ ਤੋਂ ਕਈ ਗੁਣਾ ਵੱਧ ਪਾਈ ਗਈ ਹੈ। ਸਰਕਾਰੀ, ਕੇਂਦਰੀ ਭੂਮੀਗਤ ਪਾਣੀ ਬੋਰਡ ਦੇ ਸਾਲਾਨਾ ਗਰਾਊਂਡ ਵਾਟਰ ਗੁਣਵੱਤਾ ਰਿਪੋਰਟ 2025 ਤੇ ਕੁੱਝ ਗੈਰ-ਸਰਕਾਰੀ ਅਧਿਐਨਾਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਮਾਲਵੇ ਦੇ ਬਹੁਤ ਸਾਰੇ ਨਮੂਨਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ 'ਤੇ ਹੈ, ਜਦਕਿ ਜ਼ਮੀਨੀ ਪਾਣੀ ਦੀਆਂ ਉੱਪਰੀ ਪਰਤਾਂ ਵਿੱਚ ਯੂਰੇਨੀਅਮ ਦੇ ਨਾਲ-ਨਾਲ ਹੋਰ ਭਾਰੀ ਧਾਤਾਂ ਆਰਸੇਨਿਕ, ਫਲੋਰਾਈਡ, ਸ਼ੀਸ਼ਾ, ਕ੍ਰੋਮਿਯਮ ਤੇ ਕੈਡਮਿਯਮ ਵੀ ਮਿਲ ਰਹੀਆਂ ਹਨ। ਇਹ ਸਭ ਧਾਤਾਂ ਸਰੀਰ ਲਈ ਬਹੁਤ ਨੁਕਸਾਨਦਾਇਕ ਹਨ।

ਫਲੋਰਾਈਡ ਦੀ ਵੱਧ ਮਾਤਰਾ ਨਾਲ ਦੰਦਾਂ ਤੇ ਹੱਡੀਆਂ ਦੀ ਬਿਮਾਰੀ 'ਫਲੋਰੋਸਿਸ' ਹੋ ਜਾਂਦੀ ਹੈ। ਮਾਲਵੇ ਦੇ ਕਈ ਪਿੰਡਾਂ ਵਿੱਚ ਲੋਕਾਂ ਦੇ ਦੰਦ ਪੀਲੇ ਹੋ ਜਾਣਾ, ਹੱਡੀਆਂ ਵਿੱਚ ਦਰਦ ਤੇ ਸਰੀਰ ਦਾ ਝੁਕ ਜਾਣਾ ਆਮ ਗੱਲ ਹੋ ਚੁੱਕੀ ਹੈ। ਆਰਸੇਨਿਕ ਨੂੰ ਚਮੜੀ ਦੇ ਰੋਗਾਂ ਤੇ ਕੈਂਸਰ ਨਾਲ ਜੋੜਿਆ ਜਾਂਦਾ ਹੈ, ਜਦਕਿ ਸੀਸਾ ਖ਼ਾਸ ਕਰਕੇ ਬੱਚਿਆਂ ਦੇ ਦਿਮਾਗੀ ਵਿਕਾਸ 'ਤੇ ਮਾੜਾ ਅਸਰ ਪਾਉਂਦਾ ਹੈ। ਕ੍ਰੋਮਿਯਮ ਤੇ ਕੈਡਮਿਯਮ ਗੁਰਦਿਆਂ ਤੇ ਜਿਗਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਕੋਈ ਵਿਅਕਤੀ ਲੰਬੇ ਸਮੇਂ ਤੱਕ ਯੂਰੇਨੀਅਮ ਵਾਲਾ ਪਾਣੀ ਪੀਂਦਾ ਰਹਿੰਦਾ ਹੈ ਤਾਂ ਸਭ ਤੋਂ ਪਹਿਲਾਂ ਇਸ ਦਾ ਗੁਰਦਿਆਂ 'ਤੇ ਮਾੜਾ ਅਸਰ ਪੈਣ ਲੱਗਦਾ ਹੈ। ਕਈ ਡਾਕਟਰੀ ਅਧਿਐਨਾਂ ਅਨੁਸਾਰ ਮਾਲਵੇ ਵਿੱਚ ਗੁਰਦਿਆਂ ਦੀਆਂ ਬਿਮਾਰੀਆਂ ਦੇ ਮਾਮਲੇ ਆਮ ਨਾਲੋਂ ਵੱਧ ਹਨ ਤੇ ਇਸ ਖੇਤਰ ਨੂੰ 'ਕੈਂਸਰ ਪੱਟੀ' ਤੱਕ ਕਿਹਾ ਜਾਂਦਾ ਹੈ। ਹਾਲਾਂਕਿ ਕੈਂਸਰ ਦੇ ਕਈ ਹੋਰ ਵੀ ਕਾਰਨ ਹੋ ਸਕਦੇ ਹਨ ਤੇ ਸਿਰਫ਼ ਪਾਣੀ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਣਾ ਵਿਗਿਆਨਕ ਤੌਰ 'ਤੇ ਠੀਕ ਨਹੀਂ, ਪਰ ਇਹ ਵੀ ਸੱਚ ਹੈ ਕਿ ਪ੍ਰਦੂਸ਼ਿਤ ਪਾਣੀ ਇੱਕ ਵੱਡਾ ਕਾਰਕ ਹੈ। ਬਠਿੰਡਾ ਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਰਾਜਸਥਾਨ ਦੇ ਬੀਕਾਨੇਰ ਨੂੰ ਜਾਂਦੀ 'ਕੈਂਸਰ ਟ੍ਰੇਨ' ਇਸ ਦੀ ਗਵਾਹ ਹੈ ਕਿ ਇੱਥੋਂ ਦੇ ਲੋਕ ਗੰਭੀਰ ਬਿਮਾਰੀਆਂ ਨਾਲ ਕਿਸ ਹੱਦ ਤੱਕ ਜੂਝ ਰਹੇ ਹਨ।

ਦਰਅਸਲ ਮਾਲਵਾ ਖੇਤਰ ਦੀ ਭੂਗੋਲਿਕ ਬਣਤਰ ਵਿੱਚ ਕੁੱਝ ਅਜਿਹੇ ਖਣਿਜ ਮੌਜੂਦ ਹਨ, ਜੋ ਪਾਣੀ ਨਾਲ ਮਿਲ ਕੇ ਯੂਰੇਨੀਅਮ ਨੂੰ ਘੁਲਣਯੋਗ ਬਣਾ ਦਿੰਦੇ ਹਨ ਅਤੇ ਬੇਹਿਸਾਬ ਮਾਤਰਾ ਵਿੱਚ ਪਾਣੀ ਕੱਢਣ ਨਾਲ ਇਹ ਪ੍ਰਕਿਰਿਆ ਹੋਰ ਤੇਜ਼ ਹੋ ਜਾਂਦੀ ਹੈ। ਮਾਲਵੇ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਕੁਦਰਤੀ ਤੌਰ 'ਤੇ ਕਈ ਪਰਤਾਂ ਮਿੱਟੀ, ਰੇਤ, ਚੂਨੇਦਾਰ ਪੱਥਰਾਂ ਤੇ ਹੋਰ ਚੱਟਾਨਾਂ ਨਾਲ ਬਣੀਆਂ ਹੋਈਆਂ ਹਨ। ਇਨ੍ਹਾਂ ਚੱਟਾਨਾਂ ਵਿੱਚ ਕਈ ਕਿਸਮ ਦੇ ਖਣਿਜਾਂ ਵਿੱਚ ਯੂਰੇਨੀਅਮ ਵੀ ਸ਼ਾਮਿਲ ਹੈ, ਜੋ ਹਮੇਸ਼ਾਂ ਤੋਂ ਧਰਤੀ ਹੇਠ ਮੌਜੂਦ ਹੈ ਪਰ ਆਮ ਹਾਲਾਤ ਵਿੱਚ ਪਾਣੀ ਵਿੱਚ ਘੁਲਦਾ ਨਹੀਂ। ਜਦੋਂ ਅਸੀਂ ਬੇਹਿਸਾਬ ਨਲਕਿਆਂ ਤੇ ਟਿਊਬਵੈੱਲਾਂ ਰਾਹੀਂ ਪਾਣੀ ਬਾਹਰ ਕੱਢਦੇ ਹਾਂ ਤਾਂ ਪਾਣੀ ਦਾ ਪੱਧਰ ਹੌਲੀ-ਹੌਲੀ ਹੇਠਾਂ ਜਾਣ ਲੱਗ ਪੈਂਦਾ ਹੈ। ਮਾਲਵੇ ਸਮੇਤ ਪੂਰੇ ਪੰਜਾਬ ਵਿੱਚ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਾਰਨ ਪਿਛਲੇ ਕੁੱਝ ਦਹਾਕਿਆਂ ਦੌਰਾਨ ਪਾਣੀ ਦਾ ਪੱਧਰ ਕਈ ਥਾਵਾਂ 'ਤੇ ਸੈਂਕੜੇ ਫੁੱਟ ਹੇਠਾਂ ਚਲਾ ਗਿਆ ਹੈ। ਜਦੋਂ ਪਾਣੀ ਹੇਠਲੀਆਂ ਚੱਟਾਨਾਂ ਤੇ ਮਿੱਟੀ ਦੀਆਂ ਪਰਤਾਂ ਹਵਾ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਉੱਥੇ ਆਕਸੀਜਨ ਦੀ ਮਾਤਰਾ ਵੱਧਣ ਨਾਲ ਚੱਟਾਨਾਂ ਵਿੱਚ ਮੌਜੂਦ ਯੂਰੇਨੀਅਮ ਦੀ ਰਸਾਇਣਕ ਬਣਤਰ ਬਦਲ ਜਾਂਦੀ ਹੈ। ਇਸ ਪ੍ਰਕਿਰਿਆ ਨੂੰ ਵਿਗਿਆਨਕ ਤੌਰ 'ਤੇ ਆਕਸੀਕਰਨ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਜਦੋਂ ਮੀਂਹ ਜਾਂ ਨਹਿਰਾਂ ਦਾ ਪਾਣੀ ਰਿਸ ਕੇ ਧਰਤੀ ਵਿੱਚ ਵਾਪਸ ਜਾਂਦਾ ਹੈ ਤਾਂ ਇਹ ਨਵਾਂ ਪਾਣੀ ਉਨ੍ਹਾਂ ਚੱਟਾਨਾਂ ਵਿੱਚੋਂ ਲੰਘਦਾ ਹੈ, ਜਿੱਥੇ ਯੂਰੇਨੀਅਮ ਘੁਲਣਸ਼ੀਲ ਬਣ ਚੁੱਕਾ ਹੁੰਦਾ ਹੈ। ਇਹ ਪਾਣੀ ਯੂਰੇਨੀਅਮ ਨੂੰ ਆਪਣੇ ਨਾਲ ਮਿਲਾ ਕੇ ਧਰਤੀ ਹੇਠਲੇ ਜਲ ਭੰਡਾਰਾਂ ਵਿੱਚ ਲੈ ਜਾਂਦਾ ਹੈ। ਇਸ ਤਰ੍ਹਾਂ ਪਹਿਲਾਂ ਸਾਫ਼ ਪਾਣੀ ਯੂਰੇਨੀਅਮ ਨਾਲ ਦੂਸ਼ਿਤ ਹੋ ਜਾਂਦਾ ਹੈ। ਜਦੋਂ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਜਾਂਦਾ ਹੈ ਤਾਂ ਸਾਨੂੰ ਮਜਬੂਰੀ ਨਾਲ ਹੋਰ ਡੂੰਘੇ ਬੋਰ ਕਰਨੇ ਪੈਂਦੇ ਹਨ ਤੇ ਉਹ ਪਾਣੀ ਕਈ ਵਾਰ ਉੱਪਰਲੀ ਪਰਤ ਦੇ ਪਾਣੀ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਨਿਕਲਦਾ ਹੈ। ਇਸੇ ਕਾਰਨ ਮਾਲਵੇ ਵਿੱਚ ਡੂੰਘੇ ਨਲਕਿਆਂ ਤੇ ਟਿਊਬਵੈੱਲਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ।

ਇਸ ਸਾਰੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨ ਵਿੱਚ ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਰਸਾਇਣ ਦੀ ਵੱਡੀ ਭੂਮਿਕਾ ਨਿਭਾਉਂਦੇ ਹਨ। ਜਦੋਂ ਖਾਦਾਂ ਤੇ ਕੀਟਨਾਸ਼ਕ ਧਰਤੀ ਵਿੱਚ ਚਲੇ ਜਾਂਦੇ ਹਨ ਤਾਂ ਉਹ ਮਿੱਟੀ ਤੇ ਪਾਣੀ ਦੀ ਰਸਾਇਣਕ ਤਸੀਰ ਨੂੰ ਬਦਲ ਦਿੰਦੇ ਹਨ। ਇਸ ਨਾਲ ਯੂਰੇਨੀਅਮ ਹੋਰ ਵੀ ਆਸਾਨੀ ਨਾਲ ਪਾਣੀ ਵਿੱਚ ਘੁਲਣ ਲੱਗਦਾ ਹੈ। ਉਦਯੋਗਿਕ ਸਰਗਰਮੀਆਂ ਵੀ ਇਸ ਸਮੱਸਿਆ ਨੂੰ ਵਧਾਉਂਦੀਆਂ ਹਨ। ਜਰਮਨ ਬਿਜਲੀ ਘਰਾਂ ਦੀ ਰਾਖ, ਉਦਯੋਗਿਕ ਕਚਰਾ ਤੇ ਉਸ ਦੀ ਠੀਕ ਸੰਭਾਲ ਨਾ ਹੋਣਾ ਵੀ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਦਾ ਹੈ। ਇਸ ਤਰ੍ਹਾਂ ਕੁਦਰਤੀ ਪ੍ਰਕਿਰਿਆ ਤੇ ਮਨੁੱਖੀ ਦਖ਼ਲ ਮਿਲ ਕੇ ਸਮੱਸਿਆ ਨੂੰ ਹੋਰ ਭਿਆਨਕ ਬਣਾ ਦਿੰਦੇ ਹਨ। ਇਹ ਇੱਕ ਚੁੱਪਚਾਪ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਦਾ ਅਸਰ ਤੁਰੰਤ ਨਹੀਂ ਪਰ ਸਾਲਾਂ ਬਾਅਦ ਗੁਰਦਿਆਂ, ਹੱਡੀਆਂ ਤੇ ਹੋਰ ਅੰਗਾਂ 'ਤੇ ਗੰਭੀਰ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਸਰਕਾਰਾਂ ਨੇ ਸਮੇਂ-ਸਮੇਂ 'ਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਥਾਵਾਂ 'ਤੇ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਪ੍ਰਣਾਲੀ ਵਾਲੇ ਪਲਾਂਟ ਲਗਾਏ ਹਨ। ਪਰ ਇਸ ਪ੍ਰਕਿਰਿਆ ਦੌਰਾਨ ਬਹੁਤ ਸਾਰਾ ਪਾਣੀ ਬਰਬਾਦ ਹੋ ਜਾਂਦਾ ਹੈ ਤੇ ਜੋ ਗੰਦਾ ਪਾਣੀ ਬੱਚਦਾ ਹੈ, ਉਸ ਦੀ ਸਹੀ ਸੰਭਾਲ ਨਾ ਹੋਣ ਕਰਕੇ ਉਸ ਨੂੰ ਮੁੜ ਧਰਤੀ ਹੇਠ ਜਾਣ ਲਈ ਛੱਡ ਦਿੱਤਾ ਜਾਂਦਾ ਹੈ। ਸਾਫ਼ ਨਹਿਰੀ ਪਾਣੀ ਹਰ ਥਾਂ ਨਹੀਂ ਪਹੁੰਚ ਸਕਦਾ। ਇਸ ਸਮੱਸਿਆ ਜਾਂ ਹੱਲ ਸਿਰਫ਼ ਤਕਨੀਕੀ ਨਹੀਂ, ਸਗੋਂ ਨੀਤੀਗਤ ਤੇ ਸਮਾਜਿਕ ਵੀ ਹੈ। ਜ਼ਮੀਨੀ ਪਾਣੀ ਦੀ ਬੇਹਿਸਾਬ ਵਰਤੋਂ 'ਤੇ ਰੋਕ ਲਗਾਉਣ ਲਈ ਕੇਂਦਰ ਵੱਲੋਂ ਪੰਜਾਬ ਸਰਕਾਰ ਨਾਲ ਸਹਿਯੋਗ ਕਰਕੇ ਬਿਹਤਰ ਖੇਤੀ ਨੀਤੀਆਂ ਨੂੰ ਲਾਗੂ ਕਰਵਾਉਣਾ ਸਮੇਂ ਦੀ ਮੰਗ ਹੈ। ਪਾਣੀ ਬਚਾਉਣ ਵਾਲੀਆਂ ਤਕਨੀਕਾਂ ਅਪਣਾਉਣੀਆਂ ਪੈਣਗੀਆਂ ਤੇ ਲੋਕਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਪਾਣੀ ਸਿਰਫ਼ ਪੀਣ ਵਾਲੀ ਚੀਜ਼ ਨਹੀਂ, ਸਗੋਂ ਜੀਵਨ ਦਾ ਆਧਾਰ ਹੈ। ਮੀਂਹਾਂ ਦੇ ਪਾਣੀ ਨੂੰ ਸੰਭਾਲ ਕੇ ਜ਼ਮੀਨ ਵਿੱਚ ਵਾਪਸ ਪਹੁੰਚਾਉਣਾ, ਨਹਿਰੀ ਪਾਣੀ ਦੀ ਸਪਲਾਈ ਨੂੰ ਸੁਧਾਰਨਾ ਅਤੇ ਹਰ ਪਿੰਡ ਵਿੱਚ ਪਾਣੀ ਦੀ ਨਿਯਮਿਤ ਜਾਂਚ ਕਰਨਾ ਬਹੁਤ ਜ਼ਰੂਰੀ ਹੈ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਮਾਲਵੇ ਵਿੱਚ ਜ਼ਮੀਨੀ ਪਾਣੀ ਦੀ ਸਮੱਸਿਆ ਸਿਰਫ਼ ਤਕਨੀਕੀ ਜਾਂ ਵਿਗਿਆਨਕ ਮਸਲਾ ਨਹੀਂ, ਸਗੋਂ ਮਨੁੱਖੀ ਸੰਕਟ ਹੈ, ਜੋ ਚੁੱਪਚਾਪ ਵੱਧ ਰਿਹਾ ਹੈ। ਜੇ ਸਰਕਾਰਾਂ ਤੇ ਲੋਕ ਅਜੇ ਵੀ ਅੱਖਾਂ ਬੰਦ ਕਰੀ ਬੈਠੇ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ। ਪਾਣੀ ਜ਼ਿੰਦਗੀ ਹੈ, ਪਰ ਜਦੋਂ ਇਹੀ ਪਾਣੀ ਜ਼ਹਿਰ ਬਣ ਜਾਵੇ ਤਾਂ ਇਹ ਮੌਤ ਦਾ ਦੂਤ ਬਣ ਕੇ ਪੂਰੇ ਸਮਾਜ ਦੀ ਹੋਂਦ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ।

# ਫ਼ਲਦਾਰ ਬੂਟਿਆਂ ਦੇ ਬਿਮਾਰੀਆਂ ਤੋਂ ਬਚਾਅ ਲਈ ਬੋਰਡੋ ਮਿਸ਼ਰਣ

ਅਨੀਤਾ ਅਰੋੜਾ ਅਤੇ ਅਮਰਿੰਦਰ ਕੌਰ, ਫ਼ਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 950 10-30274

**ਬੋਰਡੋ ਮਿਸ਼ਰਣ ਬੈਕਟੀਰੀਆ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਨੂੰ ਵੀ ਰੋਕਦਾ ਹੈ। ਇਹ ਦੂਜੇ ਉੱਲੀ-ਨਾਸ਼ਕ ਦੇ ਮੁਕਾਬਲੇ ਬਹੁਤ ਸਸਤਾ ਪੈਂਦਾ ਹੈ। ਬਾਗਬਾਨ ਵੀਰ ਇਸ ਨੂੰ ਬੜੀ ਅਸਾਨੀ ਨਾਲ ਆਪਣੇ ਬਾਗਾਂ ਵਿੱਚ ਬਣਾ ਸਕਦੇ ਹਨ।**

**ਬੋਰਡੋ ਮਿਸ਼ਰਣ ਦਾ ਛਿੜਕਾਅ ਦਾ ਸਮਾਂ** : ਕਾਂਟ-ਛਾਂਟ ਤੋਂ ਤੁਰੰਤ ਬੀਮਾਰ ਅਤੇ ਸੁਕੀਆਂ ਟਾਹਣੀਆਂ ਨੂੰ ਇਕੱਠੇ ਕਰਕੇ ਸਾੜ ਦਿਉ ਅਤੇ ਜ਼ਖਮਾਂ ਜਾਂ ਟੱਕਾਂ ਉੱਤੇ ਘੱਟ-ਘੱਟ ਬੋਰਡੋ ਮਿਸ਼ਰਣ ਦਾ ਇੱਕ ਛਿੜਕਾਅ ਕਰੋ ਤਾਂ ਜੋ ਬਿਮਾਰੀ ਦੀ ਲਾਗ ਅੱਗੇ ਨਾ ਫੈਲ ਸਕੇ।

**ਬੋਰਡੋ ਮਿਸ਼ਰਣ (2:2:250) ਦਾ ਘੋਲ** : ਬੋਰਡੋ ਮਿਸ਼ਰਣ 2:2:250 ਤਿਆਰ ਕਰਨ ਲਈ 2 ਕਿਲੋ ਕਾਪਰ ਸਲਫੇਟ ਨੂੰ 125 ਲਿਟਰ ਪਾਣੀ ਵਿੱਚ ਘੋਲੋ। ਕਾਪਰ ਸਲਫ਼ੇਟ ਠੰਢੇ ਪਾਣੀ ਵਿੱਚ ਬਹੁਤ ਹੌਲੀ ਘੁਲਦਾ ਹੈ, ਇਸ ਲਈ ਸਰਦੀ ਦੇ ਮੌਸਮ ਦੌਰਾਨ ਇਸਨੂੰ ਗਰਮ ਪਾਣੀ ਵਿੱਚ ਘੋਲੋ। ਇੱਕ ਹੋਰ ਭਾਂਡੇ ਵਿੱਚ 2 ਕਿਲੋ ਅਣਬੁਝਿਆ ਚੂਨਾ ਲਓ। ਇਸਨੂੰ ਹੌਲੀ-ਹੌਲੀ ਪਾਣੀ ਦੇ ਛਿੱਟੇ ਮਾਰ ਕੇ ਠੰਢਾ ਕਰੋ ਤਾਂ ਜੋ ਇਸਦਾ ਪਾਊਡਰ ਬਣ ਜਾਵੇ। ਫਿਰ ਇਸ ਵਿੱਚ ਪਾਣੀ ਮਿਲਾਓ। ਪਾਣੀ ਦੀ ਮਾਤਰਾ 125 ਲਿਟਰ ਕਰ ਦਿਓ। ਵੱਖ-ਵੱਖ ਤਿਆਰ ਕੀਤੇ ਦੋਵੇਂ ਘੋਲ ਮਿਲਾ ਦਿਓ।

**ਬੋਰਡੋ ਮਿਸ਼ਰਣ ਦੀ ਪਰਖ**

1. ਬੋਰਡੋ ਮਿਸ਼ਰਣ ਦੀ ਪਰਖ ਲਈ ਇਸਦੇ ਘੋਲ ਵਿੱਚ ਲੋਹੇ ਦੀ ਵਸਤੂ ਜਿਵੇਂ ਕਿ ਚਾਕੂ, ਕਿੱਲ ਜਾਂ ਬਲੇਡ ਆਦਿ ਨੂੰ ਡੋਬੋ। ਜੇਕਰ ਮਿਸ਼ਰਣ ਵਿੱਚ ਕਾਪਰ ਸਲਫ਼ੇਟ ਦੀ ਮਾਤਰਾ ਜ਼ਿਆਦਾ ਹੋਵੇਗੀ ਤਾਂ ਇਹਨਾਂ ਉੱਪਰ ਤਾਂਬੇ ਦੀ ਤਹਿ ਜੰਮ ਜਾਵੇਗੀ।

2. ਬੋਰਡੋ ਮਿਸ਼ਰਣ ਵਿੱਚ ਚੂਨੇ ਦੇ ਕਾਰਨ ਆਮ ਕਰਕੇ ਖਾਰਾਪਨ ਹੁੰਦਾ ਹੈ ਜਿਹੜਾ ਲਾਲ ਲਿਟਮਸ ਨੂੰ ਨੀਲਾ ਕਰ ਦਿੰਦਾ ਹੈ। ਜੇਕਰ ਮਿਸ਼ਰਣ ਵਿੱਚ ਕਾਪਰ ਸਲਫ਼ੇਟ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਪੱਤਿਆਂ ਦਾ ਨੁਕਸਾਨ ਹੁੰਦਾ ਹੈ। ਅਜਿਹਾ ਘੋਲ ਲਿਟਮਸ ਨੂੰ ਲਾਲ ਕਰ ਦਿੰਦਾ ਹੈ। ਬੋਰਡੋ ਮਿਸ਼ਰਣ ਦੀ ਵਰਤੋਂ ਮੀਂਹ ਪੈਣ ਸਮੇਂ, ਜ਼ਿਆਦਾ ਗਰਮੀ ਸਮੇਂ ਅਤੇ ਜਦੋਂ ਬੂਟੇ ਸੋਕਾ ਮੰਨ ਰਹੇ ਹੋਣ, ਬਿਲਕੁਲ ਨਹੀਂ ਕਰਨੀ ਚਾਹੀਦੀ।

3. ਬੋਰਡੋ ਮਿਸ਼ਰਣ ਦੀ ਸਹੀ ਪਰਖ ਲਈ ਪੋਟਾਸ਼ੀਅਮ ਫੈਰੋਸਾਇਆਨਾਈਡ ਵਿੱਚ ਕੁੱਝ ਬੂੰਦਾਂ ਬੋਰਡੋ ਮਿਸ਼ਰਣ ਦੀਆਂ ਪਾ ਦਿਉ। ਜੇਕਰ ਪੋਟਾਸ਼ੀਅਮ ਫੈਰੋਸਾਇਆਨਾਈਡ ਦਾ ਰੰਗ ਨਹੀਂ ਬਦਲਦਾ ਤਾਂ ਸਮਝੋ ਬੋਰਡੋ ਮਿਸ਼ਰਣ ਛਿੜਕਾਅ ਕਰਨ ਲਈ ਸੁਰੱਖਿਅਤ ਹੈ।

**ਬੋਰਡੋ ਮਿਸ਼ਰਣ ਬਣਾਉਣ ਅਤੇ ਛਿੜਕਾਅ ਵੇਲੇ ਧਿਆਨ ਦੇਣ ਯੋਗ ਗੱਲਾਂ** : ਬੋਰਡੋ ਮਿਸ਼ਰਣ ਬਣਾਉਣ ਲਈ ਕਦੇ ਵੀ ਲੋਹੇ ਦੇ ਭਾਂਡੇ ਨਾ ਵਰਤੋਂ। ਮੀਂਹ ਵਾਲੇ ਮੌਸਮ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ ਨਾ ਕਰੋ। ਕਦੇ ਵੀ ਜ਼ਿਆਦਾ ਗਰਮੀ ਵਾਲੇ ਦਿਨਾਂ ਵਿੱਚ ਬੋਰਡੋ ਮਿਸ਼ਰਣ ਨਾ ਕਰੋ। ਬੋਰਡੋ ਮਿਸ਼ਰਣ ਕਦੇ ਵੀ ਕਿਸੇ ਹੋਰ ਰਸਾਇਣਾਂ ਨਾਲ ਮਿਲਾ ਕੇ ਨਾ ਛਿੜਕੋ। ਹਮੇਸ਼ਾ ਬੋਰਡੋ ਮਿਸ਼ਰਣ ਨੂੰ ਪੰਪ ਵਿੱਚ ਪਾਉਣ ਤੋਂ ਪਹਿਲਾਂ ਪੁਣ ਲਵੋ ਤਾਂ ਜੋ ਨੋਜ਼ਲ ਵਿੱਚ ਨਾ ਫਸੇ।



**ਬੋਰਡੋ ਪੇਸਟ** : ਬੋਰਡੋ ਪੇਸਟ ਬੂਟੇ ਤੇ ਹੋਏ ਜ਼ਖਮਾਂ ਤੇ ਇੱਕ ਮੱਲਮ ਵਾਂਗ ਹੈ। ਇਸ ਨੂੰ ਬਣਾਉਣ ਲਈ 2 ਕਿਲੋ ਕਾਪਰ ਸਲਫ਼ੇਟ ਨੂੰ 15 ਲਿਟਰ ਪਾਣੀ ਵਿੱਚ ਘੋਲੋ। ਇੱਕ ਹੋਰ ਭਾਂਡੇ ਵਿੱਚ 15 ਲਿਟਰ ਪਾਣੀ ਲਓ। ਇਸ ਪਾਣੀ ਵਿੱਚ ਥੋੜ੍ਹਾ ਪਾਣੀ ਲੈ ਕੇ ਇਸ ਵਿੱਚ 3 ਕਿਲੋ ਚੂਨਾ ਮਿਲਾਓ ਅਤੇ ਫਿਰ ਇਸ ਚੂਨੇ ਦੇ ਘੋਲ ਨੂੰ ਭਾਂਡੇ ਵਿਚਲੇ ਪਾਣੀ ਵਿੱਚ ਪਾ ਦਿਓ। ਫਿਰ ਕਾਪਰ ਸਲਫ਼ੇਟ ਅਤੇ ਚੂਨੇ ਵਾਲੇ ਵੱਖ-ਵੱਖ ਤਿਆਰ ਕੀਤੇ ਘੋਲ ਨੂੰ ਆਪਸ ਵਿੱਚ ਚੰਗੀ ਤਰ੍ਹਾਂ ਮਿਲਾ ਕੇ ਹਿਲਾਓ। ਇਸ ਪੇਸਟ ਨੂੰ ਬੂਟੇ ਦੇ ਕੱਟੇ ਹੋਏ ਥਾਵਾਂ ਜਾਂ ਜ਼ਖ਼ਮਾਂ ਤੇ ਬੁਰਸ਼ ਨਾਲ ਲਗਾ ਦਿਓ।

**ਬੋਰਡੋ ਪੇਂਟ** : ਇਸ ਨੂੰ ਬਣਾਉਣ ਲਈ ਮੋਨੋਹਾਈਡਰੇਟਿਡ ਕਾਪਰ ਸਲਫ਼ੇਟ (ਨੀਲਾ ਥੋਥਾ)-1 ਕਿਲੋ, ਹਾਈਡਰੇਟਿਡ ਲਾਈਮ ਡਸਟ (ਚੂਨਾ)-2 ਕਿਲੋ ਅਤੇ ਉਬਲਿਆ ਅਲਸੀ ਦਾ ਤੇਲ-3 ਕਿਲੋ ਚਾਹੀਦਾ ਹੈ। ਕਾਪਰ ਸਲਫ਼ੇਟ (ਨੀਲਾ ਥੋਥਾ) ਨੂੰ ਲੋਹੇ ਦੀ ਤਵੀ ਤੇ ਰੱਖ ਕੇ ਉਸ ਸਮੇਂ ਤੱਕ ਗਰਮ ਕਰੋ ਜਦੋਂ ਤੱਕ ਇਸਦਾ ਪਾਊਡਰ ਨਾ ਬਣ ਜਾਵੇ। ਕਾਪਰ ਸਲਫ਼ੇਟ ਦਾ ਧੂੜਾ ਅਤੇ ਚੂਨੇ ਦਾ ਧੂੜਾ ਰਲਾ ਕੇ ਇਸ ਵਿੱਚ ਅਲਸੀ ਦਾ ਤੇਲ ਪਾ ਦਿਓ। ਇਹਨਾਂ ਤਿੰਨਾਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਰਲਾ ਕੇ ਇੱਕ ਜਾਨ ਕਰ ਲਵੋ। ਹੁਣ ਇਸ ਬੋਰਡੋ ਪੇਂਟ ਦੀ ਬੁਰਸ਼ ਨਾਲ ਜ਼ਖ਼ਮਾਂ ਉੱਤੇ ਵਰਤੋਂ ਕੀਤੀ ਜਾ ਸਕਦੀ ਹੈ।

**ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਵਾਸਤੇ ਬੋਰਡੋ ਮਿਸ਼ਰਣ ਦੇ ਛਿੜਕਾਅ ਕਰਨ ਦਾ ਸਮਾਂ**

| ਫ਼ਲਦਾਰ ਬੂਟੇ | ਬਿਮਾਰੀ ਦਾ ਨਾਂ | ਛਿੜਕਾਅ ਦਾ ਸਮਾਂ |
|---|---|---|
| ਨਿੰਬੂ ਜਾਤੀ | ਗੂੰਦ ਨਿਕਲਣ ਜਾਂ ਪੈਰ ਗੱਲਣ ਦਾ ਰੋਗ<br>ਕੋਹੜ ਰੋਗ<br>ਸਕੈਬ<br>ਟਾਹਣੀਆਂ ਦਾ ਸੁੱਕਣਾ | ਫਰਵਰੀ, ਮਾਰਚ ਅਤੇ ਜੁਲਾਈ, ਅਗਸਤ<br>ਅਕਤੂਬਰ, ਦਸੰਬਰ ਅਤੇ ਫਰਵਰੀ<br>20 ਦਿਨਾਂ ਦੇ ਵਕਫ਼ੇ ਤੇ ਜੂਨ ਤੋਂ ਅਗਸਤ ਤੱਕ<br>ਮਾਰਚ, ਜੁਲਾਈ ਅਤੇ ਸਤੰਬਰ |
| ਅੰਬ | ਟਾਹਣੀਆਂ ਦਾ ਸੁੱਕਣਾ ਅਤੇ ਪੱਤਿਆਂ ਦੇ ਧੱਬਿਆਂ ਦਾ ਰੋਗ<br>ਤਣੇ ਦਾ ਕੋਹੜ<br>ਅੰਬ ਦੀ ਨੋਕ ਦਾ ਕਾਲਾ ਹੋਣਾ | ਕਾਂਟ-ਛਾਂਟ ਤੋਂ ਤੁਰੰਤ ਬਾਅਦ<br>ਕਾਂਟ-ਛਾਂਟ ਤੋਂ ਤੁਰੰਤ ਬਾਅਦ<br>ਫੁੱਲ ਪੈਣ ਤੋਂ ਬਾਅਦ |
| ਨਾਸ਼ਪਾਤੀ | ਕਰੂੰਬਲਾਂ ਤੇ ਫ਼ਲਾਂ ਦਾ ਸੜਨਾ ਅਤੇ ਛਿੱਲ ਦਾ ਕੋਹੜ | ਮਾਰਚ, ਜੂਨ ਅਤੇ ਜਨਵਰੀ |
| ਬੇਰ | ਧੁਆਂਖਣਾ ਅਤੇ ਪੱਤਿਆਂ ਦੇ ਦਾਗ | ਨਵੰਬਰ ਦੇ ਪਹਿਲੇ ਹਫ਼ਤੇ ਤੋਂ 15 ਦਿਨਾਂ ਦੇ ਵਕਫ਼ੇ ਤੋਂ 3-4 ਛਿੜਕਾਅ |
| ਅਨਾਰ | ਕਾਲੇ ਧੱਬਿਆਂ ਨਾਲ ਗਲ੍ਹਣਾ | ਮਈ, ਜੂਨ ਅਤੇ ਜੁਲਾਈ |
| ਅੰਗੂਰ | ਟਾਹਣੀਆਂ ਦਾ ਸੁੱਕਣਾ ਦਾ ਰੋਗ<br>ਪੱਤਿਆਂ ਦੇ ਧੱਬੇ<br>ਪੀਲੇ ਧੱਬਿਆਂ ਦਾ ਰੋਗ | ਜਨਵਰੀ-ਫਰਵਰੀ, ਮਾਰਚ, ਅਖੀਰ ਮਈ ਅਤੇ ਜੁਲਾਈ, ਅਖੀਰ ਅਗਸਤ ਅਤੇ ਅਖੀਰ ਸਤੰਬਰ |

# ਬਹਾਰ ਰੁੱਤ ਦੀ ਮੱਕੀ ਦੇ ਕੀੜੇ-ਮਕੌੜਿਆਂ ਦੀ ਪਛਾਣ ਅਤੇ ਰੋਕਥਾਮ ਕਿਵੇਂ ਕਰੀਏ

ਜਵਾਲਾ ਜਿੰਦਲ ਅਤੇ ਰਾਕੇਸ਼ ਕੁਮਾਰ ਸ਼ਰਮਾ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋਬਾਇਲ : 99884-0 1521)

ਮੱਕੀ ਇੱਕ ਮਹੱਤਵਪੂਰਨ ਫ਼ਸਲ ਹੈ ਅਤੇ ਇਸ ਨੂੰ ਸਿਰਫ ਅਨਾਜ ਦੇ ਤੌਰ 'ਤੇ ਹੀ ਨਹੀਂ ਵਰਤਿਆ ਜਾਂਦਾ, ਸਗੋਂ ਪਸ਼ੂਆਂ ਦੇ ਚਾਰੇ ਅਤੇ ਪੋਲਟਰੀ ਲਈ ਫੀਡ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਹੈ। ਬਹਾਰ ਰੁੱਤ ਦੀ ਮੱਕੀ ਉੱਪਰ ਵੱਖ-ਵੱਖ ਸਮੇਂ ਤੇ ਕਈ ਤਰ੍ਹਾਂ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਹਮਲਾ ਕਰਦੇ ਹਨ, ਜਿਸ ਕਰਕੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ ਪਰ ਸਿਫ਼ਾਰਿਸ਼ ਕੀਤੇ ਸਮੇਂ 15 ਫਰਵਰੀ ਤੱਕ ਬਿਜਾਈ ਕਰਨ ਨਾਲ ਫ਼ਸਲ ਤੇ ਕੀੜਿਆਂ ਦਾ ਨੁਕਸਾਨ ਘੱਟ ਹੁੰਦਾ ਹੈ ਅਤੇ ਪਾਣੀ ਦੀ ਬੱਚਤ ਹੁੰਦੀ ਹੈ।

**ਕੀੜੇ-ਮਕੌੜੇ**

**1. ਮੱਕੀ ਦੀ ਸ਼ਾਖ ਦੀ ਮੱਖੀ** : ਇਹ ਬਹਾਰ ਰੁੱਤ ਦੀ ਮੱਕੀ ਦਾ ਬਹੁਤ ਨੁਕਸਾਨ ਕਰਦੀ ਹੈ। ਇਹ ਮੱਖੀ ਬਹੁਤ ਛੋਟੀ ਉਮਰ (3-7 ਦਿਨ) ਦੇ ਬੂਟਿਆਂ ਤੇ ਹਮਲਾ ਕਰਦੀ ਹੈ, ਜਿਸ ਨਾਲ ਬੂਟੇ ਬੇਢੰਗੇ ਅਤੇ ਝੁਰੜ-ਮੁਰੜ ਜਿਹੇ ਹੋ ਜਾਂਦੇ ਹਨ। ਪੱਤਿਆਂ ਤੇ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮਿਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ ਅਤੇ ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਬੀਜ ਦਿਉ। ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਨ 3 ਜੀ (ਕਾਰਬੋਫਿਊਰਾਨ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਸਿਆੜਾਂ ਵਿੱਚ ਪਾਉ।

**2. ਸੈਨਿਕ ਸੁੰਡੀ ਤੇ ਛੱਲੀਆਂ ਦਾ ਸੂਤਕੁਤਰੂ** : ਸੈਨਿਕ ਸੁੰਡੀ ਗੋਭ ਦੇ ਨਰਮ ਪੱਤੇ ਖਾਂਦੀ ਹੈ ਜਾਂ ਸਾਰਾ ਪੱਤਾ ਵਿਚਕਾਰਲੀ ਨਾੜ ਸਣੇ ਖਾ ਜਾਂਦੀ ਹੈ। ਗੋਭ ਦੇ ਪੱਤੇ ਉੱਪਰ ਪਈਆਂ ਛੋਟੀਆਂ-ਛੋਟੀਆਂ ਵਿੱਠਾਂ ਤੋਂ ਇਸ ਕੀੜੇ ਦੇ ਹਮਲੇ ਦਾ ਪਤਾ ਲੱਗਦਾ ਹੈ। ਇਸ ਦਾ ਹਮਲਾ ਮਾਰਚ ਵਿੱਚ ਖੇਤ ਦੀਆਂ ਬਾਹਰਲੀਆਂ ਕਤਾਰਾਂ, ਜੋ ਕਿ ਕਣਕ ਦੇ ਖੇਤਾਂ ਨਾਲ ਲੱਗਦੀਆਂ ਹੋਣ, ਉੱਪਰ ਵਧੇਰੇ ਹੁੰਦਾ ਹੈ। ਸੂਤ ਕੁਤਰਣ ਵਾਲੀ ਸੁੰਡੀ ਛੱਲੀ ਦੇ ਵਾਲਾਂ ਨੂੰ ਖਾਂਦੀ ਹੈ ਅਤੇ ਬਾਅਦ ਵਿੱਚ ਕਈ ਵਾਰ ਛੱਲੀਆਂ ਅੰਦਰ ਪੱਕ ਰਹੇ ਦਾਣਿਆਂ ਦਾ ਨੁਕਸਾਨ ਕਰ ਸਕਦੀ ਹੈ। ਸਮੇਂ ਸਿਰ ਬੀਜੀ ਬਹਾਰ ਰੁੱਤ ਦੀ ਫ਼ਸਲ ਤੇ ਇਸ ਦਾ ਹਮਲਾ ਘੱਟ ਹੁੰਦਾ ਹੈ। ਹਮਲਾ ਦਿਖਾਈ ਦੇਣ ਤੇ ਸੁੰਡੀਆਂ ਨੂੰ ਇੱਕਠੇ ਕਰਕੇ ਨਸ਼ਟ ਕਰ ਦਿਓ।



**3. ਫ਼ਾਲ ਆਰਮੀਵਰਮ** : ਇਹ ਕੀੜਾ ਆਮ ਤੌਰ ਤੇ ਸਾਉਣੀ ਰੁੱਤ ਦੀ ਮੱਕੀ ਤੇ ਜ਼ਿਆਦਾ ਨੁਕਸਾਨ ਕਰਦਾ ਹੈ ਪਰ ਪਿਛੇਤੀ ਬੀਜੀ ਬਹਾਰ ਰੁੱਤ ਦੀ ਫ਼ਸਲ ਤੇ ਵੀ ਇਸਦਾ ਹਮਲਾ ਦਿਖਾਈ ਦਿੰਦਾ ਹੈ। ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ। ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਸੁੰਡੀਆਂ ਗੋਭ ਨੂੰ ਲੱਗਭੱਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਵਿੱਠਾਂ ਕਰਦੀਆਂ ਹਨ। ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ Y ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ।

**ਰੋਕਥਾਮ** :

★ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਸਿਫ਼ਾਰਸ਼ ਅਨੁਸਾਰ 15 ਫ਼ਰਵਰੀ ਤੱਕ ਹੀ ਕਰੋ।

★ ਨਾਲ ਲੱਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫਲਾਅ ਘਟਾਇਆ ਜਾ ਸਕੇ।

★ ਕੀੜੇ ਦਾ ਹਮਲਾ ਹੋਣ ਤੇ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰ-ਐਂਟਰਾਨਿਲੀਪਰੋਲ*) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20



ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋਂ। ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਜੇ ਹਮਲਾ ਧੌੜੀਆਂ ਵਿੱਚ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫ਼ਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ*) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ*) ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਜੇਕਰ ਮੱਕੀ ਦੀ ਵਰਤੋਂ ਅਚਾਰ ਬਣਾਉਣ ਲਈ ਕਰਨੀ ਹੈ ਤਾਂ ਕੀਟਨਾਸ਼ਕ ਦੇ ਛਿੜਕਾਅ ਉਪਰੰਤ ਘੱਟੋ-ਘੱਟ 21 ਦਿਨ ਦਾ ਵਖਵਾ ਜ਼ਰੂਰ ਰੱਖੋ।


# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ, ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਮੋਬਾਇਲ 90410-14575
ਈ-ਮੇਲ : khetiduniyan1983@gmail.com

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Drishti Printers,** 484, Nagra Street, Natan Wali Gali,Backside Dashmesh Market, Near Sher-e-Punjab Market, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). RNI No.**PUNPUN00806**

# ਕਣਕ ਦੀ ਪੀਲੀ ਕੁੰਗੀ ਦੀ ਸਰਵਪੱਖੀ ਰੋਕਥਾਮ ਅਪਣਾਓ



ਕਣਕ ਦੀ ਪੀਲੀ ਕੁੰਗੀ ਇੱਕ ਉੱਲੀ ਰੋਗ ਹੈ, ਜਿਸ ਦਾ ਹਮਲਾ ਪੰਜਾਬ ਦੇ ਨੀਮ ਪਹਾੜੀ ਖੇਤਰਾਂ ਜਿਵੇਂ ਕਿ ਰੋਪੜ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਪਠਾਨਕੋਟ ਅਤੇ ਗੁਰਦਾਸਪੁਰ ਵਿੱਚ ਦਸੰਬਰ-ਜਨਵਰੀ ਦੇ ਮਹੀਨੇ ਅਕਸਰ ਵੇਖਣ ਨੂੰ ਮਿਲਦਾ ਹੈ। ਜੇਕਰ ਇਸ ਨੂੰ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਸਾਡੇ ਕਿਸਾਨ ਵੀਰਾਂ ਦਾ ਬਹੁਤ ਵੱਡੇ ਪੱਧਰ 'ਤੇ ਨੁਕਸਾਨ ਹੋ ਸਕਦਾ ਹੈ। ਪੀਲੀ ਕੁੰਗੀ ਆਪ ਮੁਹਾਰੇ ਉੱਗੀ ਕਣਕ ਅਤੇ ਪਹਾੜੀ ਖੇਤਰਾਂ ਵਿੱਚ ਬੀਜੀ ਜਾਣ ਵਾਲੀ ਕਣਕ ਦੀ ਫ਼ਸਲ 'ਤੇ ਪਲਦੀ ਰਹਿੰਦੀ ਹੈ। ਉੱਲੀ ਦੇ ਕਣ ਹਵਾ ਦੇ ਵਹਾਅ ਰਾਹੀਂ ਨੀਮ ਪਹਾੜੀ ਇਲਾਕਿਆਂ ਵੱਲ ਆਉਂਦੇ ਹਨ ਅਤੇ ਫਿਰ ਬਾਅਦ ਵਿੱਚ ਇਹ ਕਣ ਹਵਾ ਵਿੱਚ ਰਲ ਕੇ ਬਾਕੀ ਦੇ ਖੇਤਰਾਂ ਵਿੱਚ ਬਿਮਾਰੀ ਫੈਲਾਉਣ ਦਾ ਜ਼ਰੀਆ ਬਣਦੇ ਹਨ। ਪੀਲੀ ਕੁੰਗੀ ਦੇ ਕਣ ਹਲਦੀਨੁਮਾ ਪੀਲੇ ਧੂੜੇ ਦੇ ਰੂਪ ਵਿੱਚ ਪੈਦਾ ਹੁੰਦੇ ਹਨ ਅਤੇ ਬਾਅਦ ਵਿੱਚ ਹਵਾ ਵਿੱਚ ਰਲ ਕੇ ਇੱਕ ਖੇਤ ਤੋਂ ਦੂਜੇ ਖੇਤ ਵਿੱਚ ਫੈਲ ਜਾਂਦੇ ਹਨ। ਜੇਕਰ ਬਿਮਾਰੀ ਨਾਲ ਪ੍ਰਭਾਵਿਤ ਬੂਟੇ ਦੇ ਪੱਤਿਆਂ ਨੂੰ ਛੂਹਿਆ ਜਾਵੇ ਜਾਂ ਇਨ੍ਹਾਂ ਧੌੜੀਆਂ ਵਿੱਚੋਂ ਲੰਘਣ ਤੇ ਇਸ ਦਾ ਪੀਲਾ ਧੂੜਾ ਸਾਡੇ ਹੱਥਾਂ ਜਾਂ ਕੱਪੜਿਆਂ ਨੂੰ ਲੱਗ ਜਾਂਦਾ ਹੈ। ਅਨੁਕੂਲ ਹਾਲਤਾਂ ਵਿੱਚ ਕਣਕ ਦੀ ਫ਼ਸਲ 'ਤੇ ਪੀਲੀ ਕੁੰਗੀ ਦਾ ਹਮਲਾ ਇਸ ਦਾ ਸੰਵੇਦਨਸ਼ੀਲ (ਟਾਕਰਾ ਨਾ ਕਰਨ ਵਾਲੀਆਂ) ਕਿਸਮਾਂ ਤੇ ਇੱਕ ਪੱਤੇ ਦੇ ਆਉਣ ਤੋਂ ਲੈ ਕੇ ਬੂਟੇ ਦੇ ਹਰਾ-ਭਰਾ ਰਹਿਣ ਤੱਕ, ਕਿਸੇ ਵੀ ਸਮੇਂ ਵੀ ਹੋ ਸਕਦਾ ਹੈ।

ਪੀਲੀ ਕੁੰਗੀ ਦਾ ਜ਼ਿਆਦਾ ਹਮਲਾ ਅਤੇ ਵਾਧਾ ਉਸ ਖੇਤਰ ਦੇ ਵਾਤਾਵਰਣ (ਠੰਡਾ ਅਤੇ ਵੱਧ ਨਮੀ ਵਾਲਾ ਮੌਸਮ) ਅਤੇ ਸੰਵੇਦਨਸ਼ੀਲ (ਬਿਮਾਰੀ ਦਾ ਨਾ ਟਾਕਰਾ ਕਰਨ ਵਾਲੀਆਂ) ਕਿਸਮਾਂ ਦੀ ਬਿਜਾਈ 'ਤੇ ਨਿਰਭਰ ਕਰਦਾ ਹੈ। ਜਦੋਂ ਰਾਤ ਦਾ ਤਾਪਮਾਨ ਘੱਟੋ-ਘੱਟ 7-13 ਡਿਗਰੀ ਸੈਂਟੀਗ੍ਰੇਡ, ਦਿਨ ਦਾ ਵੱਧ ਤੋਂ ਵੱਧ ਤਾਪਮਾਨ 15-24 ਡਿਗਰੀ ਸੈਂਟੀਗ੍ਰੇਡ ਤੱਕ ਹੋਵੇ ਅਤੇ ਹਵਾ ਵਿੱਚ ਨਮੀਂ ਦੀ ਮਾਤਰਾ 85-100 ਡਿਗਰੀ ਤੱਕ ਹੋਵੇ ਤਾਂ ਅਜਿਹੇ ਮੌਸਮੀ ਹਾਲਾਤ ਬਿਮਾਰੀ ਦੇ ਵਧਣ ਅਤੇ ਫੈਲਣ ਵਿੱਚ ਬਹੁਤ ਸਹਾਇਕ ਹੁੰਦੇ ਹਨ। ਸੰਵੇਦਨਸ਼ੀਲ ਕਿਸਮਾਂ ਉੱਪਰ ਜੇਕਰ ਇਸ ਬਿਮਾਰੀ ਨੂੰ ਰੋਕਣ ਲਈ ਸਹੀ ਸਮੇਂ 'ਤੇ ਕਾਰਵਾਈ ਨਾ ਕੀਤੀ ਜਾਵੇ ਤਾਂ ਇਸ ਨਾਲ ਕਿਸਾਨ ਵੀਰਾਂ ਦਾ ਬਹੁਤ ਵੱਡੇ ਪੱਧਰ ਉੱਤੇ ਨੁਕਸਾਨ ਹੋ ਸਕਦਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਪੀਲੀ ਕੁੰਗੀ ਦੀ ਰੋਕਥਾਮ ਲਈ ਸਰਵਪੱਖੀ ਢੰਗ ਅਪਣਾਉਣੇ ਬਹੁਤ ਜ਼ਰੂਰੀ ਹਨ, ਜਿਵੇਂ ਕਿ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ (ਪੀ. ਬੀ. ਡਬਲਯੂ. ਜ਼ਿੰਕ 2, ਪੀ. ਬੀ. ਡਬਲਯੂ. ਆਰ. ਐਸ.-1, ਪੀ. ਬੀ. ਡਬਲਯੂ.-725, ਉੱਨਤ ਪੀ. ਬੀ. ਡਬਲਯੂ.-550 ਅਤੇ ਉੱਨਤ ਪੀ. ਬੀ. ਡਬਲਯੂ.-660 ਦੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਖਾਸ ਤੌਰ 'ਤੇ ਨੀਮ ਪਹਾੜੀ ਇਲਾਕਿਆਂ ਵਿੱਚ ਅਕਤੂਬਰ ਦੇ ਮਹੀਨੇ ਕਣਕ ਦੀ ਬਿਜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਅਗੇਤੀ ਬਿਜਾਈ ਨਾਲ ਬਿਮਾਰੀ ਦੇ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹਨਾਂ ਖੇਤਰਾਂ ਵਿੱਚ ਪਾਣੀ ਲਾਉਣ/ਮੀਂਹ ਪੈਣ ਤੋਂ ਬਾਅਦ ਪੀਲੀ ਕੁੰਗੀ ਦੀ ਆਮਦ ਦੇਖਣ ਲਈ ਅੱਧ ਦਸੰਬਰ ਤੋਂ ਬਾਅਦ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਬਿਮਾਰੀ ਦਾ ਹਮਲਾ ਨਜ਼ਰ ਆਉਣ 'ਤੇ ਕਣਕ ਦੀ ਫ਼ਸਲ ਉੱਪਰ 300 ਗ੍ਰਾਮ ਤਾਕਤ 75 ਡਬਲਯੂ. ਪੀ. (ਕੈਪਟਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੇਵੀਅਟ 25 ਡਬਲਯੂ. ਜੀ. (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 21 75 ਡਬਲਯੂ. ਜੀ. (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਅੰਮਪੈਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਇਪਰਾਕੋਨਜ਼ੋਲ) ਜਾਂ 200 ਮਿਲੀਲੀਟਰ ਉਪੇਰਾ 18.3 ਐਸ. ਈ. (ਪਾਈਰੈਕਲੋਸਟ੍ਰੋਬਿਨ + ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲੀਟਰ ਕਸਟੋਡੀਆ 320 ਐਸ. ਸੀ. (ਐਜ਼ੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਟਿਲਟ 25 ਈ. ਸੀ./ਸ਼ਾਈਨ 25 ਈ. ਸੀ./ਬੰਪਰ 25 ਈ. ਸੀ./ਸਟਿਲਟ 25 ਈ. ਸੀ./ਕੰਪਾਸ 25 ਈ. ਸੀ./ਮਾਰਕਜ਼ੋਲ 25 ਈ. ਸੀ. (ਪ੍ਰੋਪੀਕੋਨਾਜ਼ੋਲ) ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰਨਾ ਚਾਹੀਦਾ ਹੈ। ਸ਼ੁਰੂ ਵਿੱਚ ਪੀਲੀ ਕੁੰਗੀ ਦੇ ਹਮਲੇ ਵਾਲੀਆਂ ਧੌੜੀਆਂ 'ਤੇ ਹੀ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਖੇਤਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਪੈਣ 'ਤੇ ਇਹ ਛਿੜਕਾਅ ਫਿਰ ਦੁਹਰਾਉ। ਕਿਸਾਨ ਵੀਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਿਸੇ ਵੀ ਇੱਕ ਉੱਲੀਨਾਸ਼ਕ ਦਾ ਲਗਾਤਾਰ ਛਿੜਕਾਅ ਨਾ ਕਰਨ, ਕਿਉਂਕਿ ਅਜਿਹਾ ਕਰਨ ਨਾਲ ਪੀਲੀ ਕੁੰਗੀ ਦੀ ਉੱਲੀ ਵਿੱਚ ਉਸ ਪ੍ਰਤੀ ਸਹਿਣਸ਼ੀਲਤਾ ਆ ਸਕਦੀ ਹੈ।

ਪਿਛਲੇ ਕੁਝ ਸਾਲਾਂ ਤੋਂ ਰਸਾਇਣ-ਮੁਕਤ ਕਣਕ ਦੀ ਵੱਧ ਰਹੀ ਮੰਗ ਕਾਰਨ ਪੰਜਾਬ ਵਿੱਚ ਜੈਵਿਕ ਖੇਤੀ ਅਧੀਨ ਆਉਂਦੇ ਰਕਬੇ ਵਿੱਚ ਵਾਧਾ ਦੇਖਿਆ ਗਿਆ ਹੈ। ਜੈਵਿਕ ਖੇਤੀ ਦੇ ਨਿਯਮਾਂ ਅਨੁਸਾਰ ਕਣਕ ਦੀ ਫ਼ਸਲ ਉੱਪਰ ਉੱਲੀਨਾਸ਼ਕਾਂ ਦੀ ਵਰਤੋਂ ਕਰਨ 'ਤੇ ਸਖਤ ਮਨਾਹੀ ਹੈ। ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਜੈਵਿਕ ਖੇਤੀ ਪ੍ਰਣਾਲੀ ਅਧੀਨ ਆਉਂਦੀ ਕਣਕ ਵਿੱਚ ਪੀਲੀ ਕੁੰਗੀ ਦੀ ਰੋਕਥਾਮ ਲਈ 20% ਖੱਟੀ ਲੱਸੀ ਦੀ ਸਿਫਾਰਿਸ਼ ਦਿੱਤੀ ਗਈ ਹੈ। ਇਸ ਸਿਫਾਰਿਸ਼ ਅਨੁਸਾਰ ਕਣਕ ਦੀ ਫ਼ਸਲ 'ਤੇ ਕੁੱਲ ਚਾਰ ਛਿੜਕਾਅ ਕੀਤੇ ਜਾਣੇ ਚਾਹੀਦੇ ਹਨ। ਇੱਕ ਏਕੜ ਦੀ ਫ਼ਸਲ 'ਤੇ ਛਿੜਕਾਅ ਕਰਨ ਲਈ 40 ਲੀਟਰ ਖੱਟੀ ਲੱਸੀ ਨੂੰ 200 ਲੀਟਰ ਪਾਣੀ ਵਿੱਚ ਘੋਲ ਲਵੋ ਅਤੇ ਇਸ ਘੋਲ ਦਾ ਪਹਿਲਾ ਛਿੜਕਾਅ ਕਣਕ ਦੀ ਬਿਜਾਈ ਤੋਂ ਇੱਕ ਮਹੀਨੇ ਬਾਅਦ ਕਰ ਦਿਉ। ਬਾਅਦ ਵਿੱਚ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ 10 ਦਿਨਾਂ ਦੇ ਵਕਫ਼ੇ 'ਤੇ 3 ਹੋਰ ਛਿੜਕਾਅ ਕਰੋ। ਇਸ ਤਰ੍ਹਾਂ ਕਰਨ ਨਾਲ ਜੈਵਿਕ ਖੇਤੀ ਅਧੀਨ ਆਉਂਦੀ ਕਣਕ ਦੀ ਫ਼ਸਲ ਨੂੰ ਪੀਲੀ ਕੁੰਗੀ ਦੇ ਹਮਲੇ ਤੋਂ ਬੜੀ ਆਸਾਨੀ ਨਾਲ ਬਚਾ ਸਕਦੇ ਹਾਂ।

**- ਅਮਰਜੀਤ ਸਿੰਘ, ਅਜੈ ਕੁਮਾਰ ਚੌਧਰੀ ਅਤੇ ਪਰਮਿੰਦਰ ਸਿੰਘ ਟਾਕ, ਪੌਦਾ ਰੋਗ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ**

# ਬਸੰਤ ਰੁੱਤ ਮੱਕੀ ਦੀ ਉਤਪਾਦਕਤਾ ਵਧਾਉਣ ਲਈ ਸੁਝਾਅ

**ਹਰਪਾਲ ਸਿੰਘ ਰੰਧਾਵਾ, ਸੁਨੀਲ ਕਸ਼ਅਪ, ਹਰਪ੍ਰੀਤ ਸਿੰਘ ਅਤੇ ਨੈਨਾ ਪਾਂਡੇ, ਪੀ ਏ ਯੂ ਰਿਜਨਲ ਸਟੇਸ਼ਨ, ਗੁਰਦਾਸਪੁਰ**



**ਮੱਕੀ ਦੇ ਪੌਦੇ ਦੇ ਪੌਸ਼ਟਿਕ ਤੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਦੀ ਖੇਤੀ ਸਾਰੇ ਭਾਰਤ ਵਿੱਚ ਕੀਤੀ ਜਾਂਦੀ ਹੈ। ਮੱਕੀ ਦੀ ਵਰਤੋਂ ਮਨੁੱਖੀ ਭੋਜਨ, ਪਸ਼ੂਆਂ ਅਤੇ ਪੋਲਟਰੀ ਪੰਛੀਆਂ ਦੀ ਫੀਡ, ਗਲੂਕੋਜ, ਸਟਾਰਚ ਅਤੇ ਸ਼ਰਾਬ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੀ ਕਾਸ਼ਤ ਵੱਖ-ਵੱਖ ਰਾਜਾਂ ਵਿੱਚ ਪਸ਼ੂਆਂ ਦੇ ਚਾਰੇ ਵੱਜੋਂ ਵਰਤੀ ਜਾਂਦੀ ਹੈ। ਪਿਛਲੇ ਕੁੱਝ ਸਾਲਾਂ ਤੋਂ ਖੇਤੀਬਾੜੀ ਆਰਥਿਕਤਾ ਦੇ ਵੱਧ ਰਹੇ ਵਪਾਰਕ ਰੁਝਾਨ ਅਤੇ ਖੇਤੀ ਵਿਭਿੰਨਤਾ ਦੇ ਕਾਰਨ ਮੱਕੀ ਦੇ ਉਤਪਾਦਨ ਵਿੱਚ ਬਹੁਤ ਤਬਦੀਲੀਆਂ ਆਈਆਂ ਹਨ। ਇਸ ਸਮੇਂ ਦੇਸ਼ ਵਿੱਚ ਤਿਆਰ ਕੀਤੀ ਜਾਂਦੀ ਮੱਕੀ ਦਾ 35% ਮਨੁੱਖੀ ਖੁਰਾਕ, 25% ਪਸ਼ੂਆਂ / ਪੋਲਟਰੀ ਫੀਡ ਅਤੇ ਖੁਰਾਕ ਪ੍ਰੋਸੈਸਿੰਗ (ਛੱਲੀਆਂ / ਪੌਪਕੌਰਨ / ਸੂਪ) ਵਿੱਚ 15% ਅਤੇ ਹੋਰ ਉਦਯੋਗ (ਸਟਾਰਚ, ਡੈਕਸਟਰੋਜ, ਮੱਕੀ ਦਾ ਰਸ / ਤੇਲ) ਦੀ ਵਰਤੋਂ ਕੀਤੀ ਜਾਂਦੀ ਹੈ। ਮੱਕੀ ਦਾ ਔਸਤਨ ਝਾੜ ਘੱਟ ਹੋਣ ਦੇ ਕਈ ਕਾਰਣ ਹਨ, ਪਰ ਨਦੀਨ, ਕੀੜੇ ਅਤੇ ਬਿਮਾਰੀਆਂ ਝਾੜ ਘਟਾਉਣ ਵਿੱਚ ਅਹਿਮ ਰੋਲ ਨਿਭਾਉਂਦੇ ਹਨ।**

## ਉੱਨਤ ਕਿਸਮਾਂ

ਪੀ 1844, ਪੀ ਐਮ ਐਚ 10, ਡੀ ਕੇ ਸੀ 9108, ਪੀ ਐਮ ਐਚ 8, ਪੀ ਐਮ ਐਚ 7 ਅਤੇ ਪੀ ਐਮ ਐਚ 1 ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਹਨ। ਇਹਨਾਂ ਕਿਸਮਾਂ ਦਾ ਬੀਜ ਭਰੋਸੇਯੋਗ ਸੋਮਿਆਂ ਤੋਂ ਹੀ ਖਰੀਦੋ ਅਤੇ ਗੈਰ-ਪ੍ਰਮਾਣਿਤ ਕਿਸਮਾਂ ਦੀ ਖੇਤੀ ਤੋਂ ਪ੍ਰਹੇਜ਼ ਹੀ ਕਰੋ।

**ਬੀਜ ਦੀ ਮਾਤਰਾ ਅਤੇ ਬਿਜਾਈ ਦਾ ਸਮਾਂ** : ਪ੍ਰਤੀ ਏਕੜ 10 ਕਿਲੋ ਬੀਜ ਦੀ ਬਿਜਾਈ 20 ਜਨਵਰੀ ਤੋਂ 15 ਫ਼ਰਵਰੀ ਤੱਕ ਕਰੋ। ਪਿਛੇਤੀ ਬਿਜਾਈ ਕਾਰਨ ਜ਼ਿਆਦਾ ਤਾਪਮਾਨ ਹੋਣ ਕਰਕੇ ਪ੍ਰਾਗਕਣ ਸੁੱਕਣ ਨਾਲ ਦਾਣੇ ਬਣਨ ਦੀ ਪ੍ਰਕਿਰਿਆ ਤੇ ਮਾੜਾ ਅਸਰ ਪੈਂਦਾ ਹੈ, ਜਿਸ ਕਾਰਨ ਝਾੜ ਬਹੁਤ ਘੱਟ ਜਾਂਦਾ ਹੈ।

**ਖਾਦਾਂ ਦੀ ਮਾਤਰਾ** : ਖਾਦ ਦੀ ਵਰਤੋਂ ਮਿੱਟੀ ਪਰਖ ਅਧਾਰ ਤੇ ਹੀ ਕਰੋ। ਜੇ ਜ਼ਮੀਨ ਦੀ ਪਰਖ ਨਾ ਕਰਵਾਈ ਹੋਵੇ ਤਾਂ ਪੀ ਐਮ ਐਚ 7 ਨੂੰ 75 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ/27 ਕਿਲੋ ਡੀ ਏ ਪੀ ਅਤੇ ਦੂਸਰੀਆਂ ਕਿਸਮਾਂ ਨੂੰ 110 ਕਿਲੋ ਯੂਰੀਆ ਅਤੇ 150 ਕਿਲੋ ਸੁਪਰਫਾਸਫੇਟ/55 ਕਿਲੋ ਡੀ ਏ ਪੀ ਖਾਦ ਪਾਉ। ਸਾਰੀ ਫ਼ਾਸਫ਼ੋਰਸ/ਡੀ ਏ ਪੀ ਅਤੇ ਤੀਜਾ ਹਿੱਸਾ ਯੂਰੀਆ ਬਿਜਾਈ ਸਮੇਂ ਪਾਉ। ਬਾਕੀ ਰਹਿੰਦੀ ਯੂਰੀਆ ਦੋ ਬਰਾਬਰ ਹਿੱਸਿਆਂ ਵਿੱਚ ਪਾਉ। ਇੱਕ ਹਿੱਸਾ ਉਸ ਵੇਲੇ ਪਾਉ ਜਦ ਫ਼ਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਉ।

**ਜ਼ਿੰਕ ਦੀ ਘਾਟ** : ਮੱਕੀ ਦੇ ਉੱਗਣ ਤੋਂ ਦੋ ਹਫ਼ਤਿਆਂ ਵਿਚਕਾਰ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਬੂਟੇ ਦੇ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਸਫ਼ੈਦ ਜਾਂ ਹਲਕਾ ਪੀਲਾ ਪੱਟੀ ਨੁਮਾ ਧੱਬਾ ਪੈ ਜਾਂਦਾ ਹੈ ਅਤੇ ਮੁੱਖ ਨਾੜ ਦੇ ਦੋਹੀਂ ਪਾਸੀਂ ਲਾਲ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਇਹ ਸਫ਼ੈਦ ਪੱਟੀ ਨੁਮਾ ਧੱਬਾ ਬਾਅਦ ਵਿੱਚ ਪੱਤੇ ਦੇ ਉਪਰਲੇ ਹਿੱਸੇ ਵੱਲ, ਮੁੱਖ ਨਾੜ ਦੇ ਸਮਾਨੰਤਰ, ਵੱਧਣਾ ਸ਼ੁਰੂ ਹੋ ਜਾਂਦਾ ਹੈ। ਜ਼ਿੰਕ ਦੀ ਘਾਟ ਕਾਰਨ ਬਾਬੂ ਝੰਡਿਆਂ ਦਾ ਬੂਰ ਅਤੇ ਛੱਲੀਆਂ ਦਾ ਸੂਤ ਦੇਰ ਨਾਲ ਨਿਕਲਦਾ ਹੈ। ਘਾਟ ਵਾਲੀਆਂ ਜ਼ਮੀਨਾਂ ਵਿੱਚ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਪਾਓ। ਜੇਕਰ ਜ਼ਿੰਕ ਸਲਫੇਟ ਦੀ ਵਰਤੋਂ ਬਿਜਾਈ ਸਮੇਂ ਨਾ ਕੀਤੀ ਗਈ ਹੋਵੇ ਅਤੇ ਮੱਕੀ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ ਵੀ ਜ਼ਿੰਕ ਦੀ ਉੱਪਰ ਦੱਸੀ ਮਾਤਰਾ ਨੂੰ ਬਰਾਬਰ ਮਾਤਰਾ ਵਿੱਚ ਮਿੱਟੀ ਵਿੱਚ ਰਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾਉ। ਜ਼ਿੰਕ ਪਾਉਣ ਉਪਰੰਤ ਗੋਡੀ ਕਰੋ ਅਤੇ ਬਾਅਦ ਵਿੱਚ ਪਾਣੀ ਲਾਉ। ਜੇ ਜ਼ਿੰਕ ਦੀ ਘਾਟ ਦਾ ਪਤਾ ਅਜਿਹੇ ਸਮੇਂ ਲੱਗੇ ਜਦੋਂ ਗੋਡੀ ਕਰਨੀ ਮੁਸ਼ਕਲ ਹੋਵੇ ਤਾਂ 1200 ਗ੍ਰਾਮ ਜ਼ਿੰਕ ਸਲਫੇਟ (ਹੈਪਟਾਹਾਈਡ੍ਰੇਟ), 600 ਗ੍ਰਾਮ ਅਣਬੁਝਿਆ ਚੂਨਾ ਜਾਂ 750 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ, 375 ਗ੍ਰਾਮ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾ ਸਕਦਾ ਹੈ।



**ਨਦੀਨਾਂ ਦੀ ਰੋਕਥਾਮ** : ਇੱਕ ਮਹੀਨੇ ਦੇ ਫ਼ਰਕ ਨਾਲ ਦੋ ਗੋਡੀਆਂ ਕਰੋ। ਪਹੀਏ ਵਾਲੀ ਸੁਧਰੀ ਹੋਣੀ ਤ੍ਰਿਫਾਲੀ ਨਾਲ ਗੋਡੀ ਸਸਤੀ ਪੈਂਦੀ ਹੈ।

**ਰਸਾਇਣਕ ਢੰਗ** : ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ਼ 50 ਡਬਲਯੂ ਪੀ (ਐਟਰਾਜ਼ੀਨ) ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਅਤੇ 500 ਗ੍ਰਾਮ ਹਲਕੀਆਂ ਜ਼ਮੀਨਾਂ ਵਿੱਚ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਜਾਂ 250 ਐਟਰਾਟਾਫ ਗ੍ਰਾਮ ਫ਼ਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿੱਚ ਛਿੜਕਾਅ ਕਰੋ ਅਤੇ ਕਤਾਰਾਂ ਵਿੱਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਰੇ ਨਦੀਨਾਂ ਦੀ ਰੋਕਥਾਮ ਕਰਦੀ ਹੈ।

## ਮੁੱਖ ਕੀੜੇ

**ਸ਼ਾਖ ਦੀ ਮੱਖੀ** : ਇਹ ਬਹਾਰ ਰੁੱਤ ਦੀ ਫ਼ਸਲ ਦਾ ਬਹੁਤ ਨੁਕਸਾਨ ਕਰਦੀ ਹੈ। ਇਹ ਮੱਖੀ ਛੋਟੀ ਉਮਰ (3-7 ਦਿਨ) ਦੇ ਬੂਟਿਆਂ ਤੇ ਹਮਲਾ ਕਰਦੀ ਹੈ, ਜਿਸ ਨਾਲ ਬੂਟੇ ਬੇਢਵੇਂ ਅਤੇ ਝੁਰੜ-ਮੁਰੜ ਜਿਹੇ ਹੋ ਜਾਂਦੇ ਹਨ। ਪੱਤਿਆਂ ਤੇ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਬੀਜ ਦੀ ਗਾਚੋ (ਇਮੀਡਾਕਲੋਪਰਿਡ) 600 ਐਫ ਐਸ ਦਵਾਈ 6 ਮਿਲੀਲਿਟਰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਨ 3 ਜੀ (ਕਾਰਬੋਫਿਊਰਾਨ) ਜਾਂ 4 ਕਿਲੋ ਥਿਮਟ 10 ਜੀ (ਫੋਰੇਟ) ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਸਿਆੜਾਂ ਵਿੱਚ ਪਾਉ।

**ਤੇਲਾ, ਥਰਿਪ, ਕਮਾਦ ਦਾ ਘੋੜਾ, ਸਲੇਟੀ ਭੂੰਡੀ ਅਤੇ ਪਤੇ ਖਾਣ ਵਾਲੇ ਹੋਰ ਕੀੜੇ** : ਕੀੜੇ ਮਾਰਚ ਤੋਂ ਮਈ ਤੱਕ ਫ਼ਸਲ ਦਾ ਨੁਕਸਾਨ ਕਰਦੇ ਹਨ, ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ। ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਬਿਜਾਈ ਸਮੇਂ ਸਿਰ ਕਰੋ ਅਤੇ ਮੱਕੀ ਦੀ ਬਿਜਾਈ ਲਸਣ ਅਤੇ ਪਿਆਜ਼ ਦੀ ਫ਼ਸਲ ਦੇ ਨੇੜੇ ਨਾ ਕਰੋ। ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਯੂਰੀਆ ਖਾਦ ਨਾ ਪਾਉ।


**ਸੈਨਿਕ ਸੁੰਡੀ ਅਤੇ ਛੱਲੀਆਂ ਦਾ ਸੂਤ ਕੁਤਰੂ** : ਕੀੜਾ ਨਰਮ ਪੱਤਿਆਂ ਨੂੰ ਨੜੀ ਸਮੇਤ ਖਾਂਦਾ ਹੈ ਅਤੇ ਪੱਤਿਆਂ ਉੱਪਰ ਪਈਆਂ ਛੋਟੀਆਂ-ਛੋਟੀਆਂ ਵਿੱਠਾਂ ਤੋਂ ਇਸ ਕੀੜੇ ਦੀ ਹੋਂਦ ਵਿੱਚ ਪਤਾ ਲੱਗਦਾ ਹੈ। ਕੀੜੇ ਦਾ ਹਮਲਾ ਖੇਤ ਵਿੱਚ ਫ਼ਸਲ ਦੀਆਂ ਬਾਹਰਲੀਆਂ ਕਤਾਰਾਂ ਜੋ ਕਣਕ ਵਾਲੇ ਖੇਤ ਨਾਲ ਲੱਗਦੀਆਂ ਹੋਣ ਵਧੇਰੇ ਹੁੰਦਾ ਹੈ। ਫ਼ਸਲ ਦੀ ਨਿਗਰਾਨੀ ਕਰਦੇ ਰਹੋ ਅਤੇ ਸੁੰਡੀਆਂ ਨੂੰ ਇਕੱਠੇ ਕਰਕੇ ਖਤਮ ਕਰਦੇ ਰਹੋ।

## ਬਿਮਾਰੀਆਂ

**ਬੀਜ ਗਲਣਾ ਅਤੇ ਪੁੰਗਾਰ ਦਾ ਝੁਲਸ ਰੋਗ** : ਬਿਮਾਰੀ ਕਾਰਣ ਬੀਜ ਘੱਟ ਉੱਗਦਾ ਹੈ। ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਛੋਟੇ ਪੌਦੇ ਮਰਨੇ ਸ਼ੁਰੂ ਹੋ ਜਾਂਦੇ ਹਨ। ਬਿਮਾਰੀ ਤੋਂ ਬਚਾਅ ਲਈ ਰੋਗ ਰਹਿਤ ਬੀਜ ਦੀ ਵਰਤੋਂ ਕਰੋ ਅਤੇ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ ਕਰੋ। ਬਿਮਾਰੀ ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰਦੇ ਰਹੋ।

**ਪਛੇਤਾ ਮੁਰਝਾਉਣਾ** : ਬਿਮਾਰੀ ਕਾਰਣ ਟਾਂਡੇ ਸੁੱਕਣ ਦੇ ਨਤੀਜੇ ਵਜੋਂ ਬਾਬੂ ਝੰਡੇ ਨਿਕਲਣ ਤੋਂ ਬਾਅਦ ਪੌਦਾ ਮੁਰਝਾਅ ਜਾਂਦਾ ਹੈ ਅਤੇ ਤਣਾ ਕਮਜ਼ੋਰ ਹੋ ਜਾਂਦਾ ਹੈ। ਬਾਬੂ ਝੰਡੇ ਆਉਣ ਦੇ ਸਮੇਂ ਪਾਣੀ ਦੇ ਸੋਕੇ ਨਾਲ ਬਿਮਾਰੀ ਵਿੱਚ ਵਾਧਾ ਹੁੰਦਾ ਹੈ। ਫ਼ਸਲ ਨੂੰ ਲੋੜ ਅਨੁਸਾਰ ਪਾਣੀ ਦਿਉ ਅਤੇ ਪਾਣੀ ਦੀ ਔੜ ਤੋਂ ਬਚਾਉ। ਸਿਫ਼ਾਰਸ਼ ਕੀਤੀਆਂ ਕਿਸਮਾਂ ਬੀਜੋ।

**ਸਾਰਣੀ : ਮੁੱਖ ਕੀੜੇ ਅਤੇ ਬਿਮਾਰੀਆਂ**

| ਕੀੜਾ/ਬਿਮਾਰੀ | ਪਛਾਣ |
|---|---|
| ਸ਼ਾਖ ਦੀ ਮੱਖੀ |   |
| ਤੇਲਾ |   |
| ਸੈਨਿਕ ਸੁੰਡੀ |   |
| ਪਛੇਤਾ ਮੁਰਝਾਉਣਾ |   |

# ਫ਼ਸਲੀ ਵਿਭਿੰਨਤਾ ਰਾਹੀਂ ਚੰਗਾ ਮੁਨਾਫਾ ਕਮਾ ਰਿਹੈ ਕਿਸਾਨ ਰਛਪਾਲ ਸਿੰਘ ਕਿਸਾਨਾਂ ਲਈ ਬਣਿਆ ਪ੍ਰੇਰਨਾ ਸਰੋਤ

**ਵਿਦੇਸ਼ ਜਾਣ ਦੀ ਬਜਾਏ ਪਿਛਲੇ ਲੰਮੇ ਸਮੇਂ ਤੋਂ ਕਰ ਰਿਹੈ ਪਿਆਜ਼ ਦੀ ਪਨੀਰੀ, ਆਲੂ ਦੀ ਸੀਡੀ ਤੇ ਜੈਵਿਕ ਗੰਨੇ ਦੀ ਖੇਤੀ**

ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੋਰ ਦੇ ਜੰਮਪਲ ਸ. ਰਛਪਾਲ ਸਿੰਘ ਵਿਕੀ ਨੇ ਨੌਕਰੀ ਦਾ ਸੁਪਨਾ ਤਿਆਗ ਕੇ ਸਬਜ਼ੀ ਬੀਜ ਉਤਪਾਦਨ ਵਿੱਚ ਵਿਗਿਆਨਕ ਸੋਚ ਦੇ ਸਹਾਰੇ ਆਪਣੀ ਖੇਤੀ ਨੂੰ ਉਸ ਸਿਖਰ ਤੱਕ ਪਹੁੰਚਾਇਆ ਹੈ, ਜਿਸ 'ਤੇ ਮਾਣ ਸਾਰਾ ਪੰਜਾਬ ਕਰ ਸਕਦਾ ਹੈ। 36 ਸਾਲ ਉਮਰ ਦੇ ਰਛਪਾਲ ਸਿੰਘ ਵਿੱਕੀ ਦੀ ਸੋਚ ਅਤੇ ਲਿਆਕਤ ਅਗਾਂਹਵਧੂ ਕਿਸਾਨ ਵਾਲੀ ਹੈ। ਪਿਛਲੇ 11 ਸਾਲਾਂ ਤੋਂ ਉਸ ਨੇ ਪਿਆਜ਼ ਦੀ ਖੇਤੀ ਦੇ ਨਾਲ-ਨਾਲ ਬੀਜ ਉਤਪਾਦਨ ਬਾਰੇ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਉਹ ਰਵਾਇਤੀ ਕਣਕ, ਝੋਨਾ ਫ਼ਸਲ ਚੱਕਰ ਦਾ ਠੋਸ ਬਦਲ ਤਿਆਰ ਕਰ ਚੁੱਕਾ ਹੈ। ਇਹ ਕਿਸਾਨ ਫ਼ਸਲੀ ਚੱਕਰ ਦਾ ਬਦਲ ਤਲਾਸ਼ਦਿਆਂ ਸਬਜ਼ੀਆਂ ਦੀ ਨਰਸਰੀ ਉਤਪਾਦਨ ਅਤੇ ਬੀਜ ਦੇ ਵਪਾਰ ਕਰਨ ਨਾਲ ਜੁੜਿਆ।

ਉਸ ਨੇ ਬੀਜ ਉਤਪਾਦਨ ਨੂੰ ਰੂਹ ਨਾਲ ਕੀਤਾ ਤਾਂ ਵੱਧ ਕਮਾਈ ਦੇ ਨਾਲ-ਨਾਲ ਪਰਿਵਾਰਕ ਖੁਸ਼ਹਾਲੀ ਨੂੰ ਵੀ ਯਕੀਨੀ ਬਣਾਇਆ। ਫਿਰ ਉਸ ਨੇ ਕਣਕ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਇੱਕ ਕਿਲਾ ਘਟਾ ਕੇ ਉਸ ਉਪਰ ਪਿਆਜ਼ ਦੀ ਖੇਤੀ ਕਰਕੇ ਕਾਫ਼ੀ ਮੁਨਾਫਾ ਹਾਸਲ ਕੀਤਾ। ਬੀਜ ਉਤਪਾਦਨ ਦੇ ਨਾਲ-ਨਾਲ ਉਸ ਨੇ ਖੁਦ ਪਿਆਜ਼ ਦੀ ਪਨੀਰੀ ਤਿਆਰ ਕੀਤੀ ਅਤੇ ਸ਼ੁਰੂ ਵਿੱਚ ਪਨੀਰੀ ਵੇਚਣ ਸਮੇਂ ਉਸ ਨੂੰ ਕਾਫ਼ੀ ਤਕਲੀਫਾਂ ਆਈਆਂ, ਪਰ ਉਸ ਨੇ ਦਿਲ ਨਹੀਂ ਛੱਡਿਆ ਅਤੇ ਅੱਜ ਉਹ ਪੰਜ ਕਿਲੇ ਵਿੱਚ ਪਿਆਜ਼ ਦੀ ਪਨੀਰੀ ਅਤੇ ਛੇ ਕਿਲੇ ਵਿੱਚ ਗੰਨਾ ਬੀਜਦਾ ਹੈ। ਅਗਾਂਹ-ਵਧੂ ਸੋਚ ਕਰਕੇ ਉਹ ਗੰਨੇ ਨੂੰ ਮਿੱਲ ਵਿੱਚ ਵੇਚਣ ਦੀ ਥਾਂ ਉਹ ਫਰਵਰੀ ਮਹੀਨੇ ਵਿੱਚ ਨਜ਼ਦੀਕੀ ਲੱਗੀ ਕੁਲਹਾੜੀ ਤੋਂ ਗੁੜ ਅਤੇ ਸ਼ੱਕਰ ਬਣਵਾ ਕੇ ਚੋਖਾ ਮੁਨਾਫਾ ਕਮਾਉਂਦਾ ਹੈ ਅਤੇ ਆਮ ਕਿਸਾਨਾਂ ਲਈ ਰੋਲ ਮਾਡਲ ਬਣ ਗਿਆ ਹੈ, ਜਿਸ ਨੂੰ ਵੇਖ ਕੇ ਇਲਾਕੇ ਦੇ ਹੋਰ ਬਹੁਤ ਕਿਸਾਨ ਫ਼ਸਲੀ ਚੱਕਰ ਤੋਂ ਨਿਕਲ ਕੇ ਇਸ ਫ਼ਸਲੀ ਵਿਭਿੰਨਤਾ ਖੇਤੀ ਨੂੰ ਅਪਣਾ ਰਹੇ ਹਨ।



# ਪਾਪਲਰ ਦੀ ਸਫ਼ਲ ਕਾਸ਼ਤ ਲਈ ਧਿਆਨਯੋਗ ਗੱਲਾਂ

ਅਰਸ਼ਦੀਪ ਕੌਰ ਗਿੱਲ, ਪਰਮਿੰਦਰ ਸਿੰਘ ਅਤੇ ਗੁਰਵਿੰਦਰ ਪਾਲ ਸਿੰਘ ਢਿੱਲੋਂ,
ਵਣ ਅਤੇ ਕੁਦਰਤੀ ਸੋਮੇ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98768-11334)



**ਪੰਜਾਬ, ਜਿਸ ਵਿੱਚ 80% ਤੋਂ ਵੱਧ ਰਕਬਾ ਕਣਕ ਅਤੇ ਝੋਨੇ ਹੇਠ ਅਤੇ ਸਿਰਫ਼ 6.5% ਜੰਗਲਾਂ ਹੇਠ ਹੈ। ਜੰਗਲਾਂ ਹੇਠ ਰਕਬਾ ਨਾਮਾਤਰ ਹੋਣ ਕਰਕੇ ਸਰਕਾਰ ਅਤੇ ਵਾਤਾਵਰਣ ਮਾਹਿਰਾਂ ਵੱਲੋਂ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਲਈ ਵਣ ਖੇਤੀ ਅਪਨਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਵਣ ਖੇਤੀ ਪ੍ਰਣਾਲੀ ਨੂੰ ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਜਲਦੀ ਵਧਣ ਵਾਲੇ ਅਤੇ ਚੋਖੇ ਮੁਨਾਫੇ ਵਾਲੇ ਰੁੱਖ ਵਣ ਖੇਤੀ ਵਿੱਚ ਜਲਦੀ ਅਪਨਾਏ ਜਾਂਦੇ ਹਨ। ਪਾਪਲਰ ਤੇਜ਼ੀ ਨਾਲ ਵਧਣ ਵਾਲਾ ਅਜਿਹਾ ਰੁੱਖ ਹੈ ਜਿਸ ਦੀ ਨਰਮ ਲੱਕੜੀ ਤੋਂ ਕਈ ਵਸਤਾਂ ਜਿਵੇਂ ਮਾਚਸ ਦੀਆਂ ਤੀਲਾਂ, ਡੱਬੀਆਂ, ਪਲਾਈ, ਕਾਗਜ਼ ਆਦਿ ਬਣਦੀਆਂ ਹਨ। ਇਸ ਲੇਖ ਰਾਹੀਂ ਪਾਪਲਰ ਦੀ ਸੁਧਰੀ ਕਾਸ਼ਤ ਦੇ ਢੰਗ ਦੱਸੇ ਗਏ ਹਨ।**

**ਪੌਣਪਾਣੀ ਅਤੇ ਮਿੱਟੀ** : ਪੰਜਾਬ ਦਾ ਪੌਣਪਾਣੀ ਪਾਪਲਰ ਲਈ ਢੁੱਕਵਾਂ ਹੈ ਪਰ ਮੈਰਾ ਰੇਤਲੀ ਜ਼ਮੀਨਾਂ, ਜਿੱਥੇ ਪਾਣੀ ਦਾ ਨਿਕਾਸ ਸਹੀ ਹੋਵੇ ਇਸ ਦੇ ਤੇਜ਼ ਵਾਧੇ ਲਈ ਢੁੱਕਵੀਆਂ ਹਨ। ਜ਼ਿਆਦਾ ਚੀਕਣੀਆਂ ਜਾਂ ਖਾਰੀਆਂ ਜ਼ਮੀਨਾਂ ਵਿੱਚ ਪਾਪਲਰ ਦਾ ਸਹੀ ਵਾਧਾ ਨਹੀਂ ਹੁੰਦਾ।

**ਢੁੱਕਵਾਂ ਸਮਾਂ** : ਜਨਵਰੀ-ਫਰਵਰੀ ਮਹੀਨੇ ਤੱਕ ਦਾ ਸਮਾਂ ਪਾਪਲਰ ਲਗਾਉਣ ਲਈ ਢੁੱਕਵਾਂ ਹੈ।

**ਕਿਸਮਾਂ** :

**ਕੇਂਦਰੀ ਮੈਦਾਨੀ ਹਿੱਸੇ** : ਪੀ. ਐਲ.-1, ਪੀ. ਐਲ.-2, ਪੀ. ਐਲ.-3, ਪੀ. ਐਲ.-4, ਪੀ. ਐਲ.-5, ਐਲ-48/89 ਅਤੇ ਐਲ-47/88.

**ਦੱਖਣ ਪੱਛਮੀ ਖੁਸ਼ਕ ਹਿੱਸੇ** : ਪੀ.ਐਲ. 3, ਪੀ.ਐਲ. 6, ਪੀ.ਐਲ. 7, ਅਤੇ ਐਲ 48/89.

**ਨਰਸਰੀ ਤਿਆਰ ਕਰਨਾ** : ਕਲਮਾਂ ਇੱਕ ਸਾਲ ਪੁਰਾਣੇ ਬੂਟਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹਨਾਂ ਦੀ ਲੰਬਾਈ 20-25 ਸੈ.ਮੀ. ਅਤੇ ਮੋਟਾਈ 2-3 ਸੈ.ਮੀ. ਹੋਣੀ ਚਾਹੀਦੀ ਹੈ। ਕਲਮਾਂ ਲਗਾਉਣ ਲਈ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ 8-12 ਟਨ ਦੇਸੀ ਰੂੜੀ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਆਰੀਆਂ ਵਿੱਚ ਪਾਉ। 50×50 ਸੈ.ਮੀ. ਜਾਂ 60×60 ਸੈ.ਮੀ. ਫਾਸਲੇ ਤੇ ਪਲਾਂਟਿੰਗ ਰਾਡ ਜਾਂ ਕਿਸੇ ਸਰੀਏ ਨਾਲ ਛੇਕ ਕਰਨ ਤੋਂ ਬਾਅਦ ਕਲਮਾਂ ਦੀ ਇੱਕ ਅੱਖ ਜ਼ਮੀਨ ਤੋਂ ਉੱਪਰ ਰੱਖ ਕੇ ਬਾਕੀ ਜ਼ਮੀਨ ਵਿੱਚ ਨੱਪ ਦਿਉ। ਕਲਮਾਂ ਪੁੰਗਰਨ ਤੱਕ ਜ਼ਮੀਨ ਨੂੰ ਗਿੱਲਾ ਰੱਖੋ। 50 ਕਿਲੋ ਯੂਰੀਆਂ ਦੋ ਕਿਸ਼ਤਾਂ ਵਿੱਚ ਜੁਲਾਈ ਅਤੇ ਅਗਸਤ ਦੇ ਪਹਿਲੇ ਹਫਤੇ ਪਾਉ। 70 ਕਿਲੋ ਫਾਸਫੋਰਸ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਲੋੜ ਅਨੁਸਾਰ ਗੋਡੀ ਅਤੇ ਪਾਣੀ ਦਿੰਦੇ ਰਹੋ।

**ਫਾਸਲਾ** : ਕਤਾਰਾਂ ਵਿੱਚਲਾ ਫਾਸਲਾ 5 ਮੀ. ਅਤੇ ਬੂਟਿਆਂ ਵਿਚਲਾ 4 ਮੀ. ਰੱਖੋ ਅਤੇ ਕਤਾਰਾਂ ਦੀ ਦਿਸ਼ਾ ਉੱਤਰ ਦੱਖਣ ਰੱਖੋ। ਫ਼ਸਲਾਂ ਦਾ ਜ਼ਿਆਦਾ ਝਾੜ ਲੈਣ ਲਈ ਕਤਾਰਾਂ ਵਿੱਚਲਾ ਫਾਸਲਾ 8 ਮੀ. ਅਤੇ ਬੂਟਿਆਂ ਵਿਚਲਾ 2.5 ਮੀ. ਰੱਖੋ। ਬੰਨ੍ਹਿਆਂ ਤੇ ਬੂਟੇ ਲਗਾਉਣ ਲਈ ਫਾਸਲਾ 3 ਮੀਟਰ ਹੋਣਾ ਚਾਹੀਦਾ ਹੈ।



**ਖੇਤਾਂ ਵਿੱਚ ਬੂਟੇ ਲਾਉਣਾ** : ਅੱਧ ਜਨਵਰੀ ਤੋਂ ਫਰਵਰੀ ਤੱਕ ਨਰਸਰੀ ਵਿੱਚ ਤਿਆਰ ਬੂਟੇ ਖੇਤਾਂ ਵਿੱਚ ਲਗਾਏ ਜਾਂਦੇ ਹਨ। ਪਛੇਤ ਕਰਨ ਨਾਲ ਬੂਟੇ ਨਰਸਰੀ ਵਿੱਚ ਹੀ ਪੁੰਗਰ ਜਾਂਦੇ ਹਨ ਅਤੇ ਖੇਤਾਂ ਵਿੱਚ ਘੱਟ ਚੱਲਦੇ ਹਨ। ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਫਾਸਲੇ ਮੁਤਾਬਕ ਨਿਸ਼ਾਨ ਲਗਾ ਦਿਉ। ਪਾਪਲਰ ਦੇ ਬੂਟੇ ਲਗਾਉਣ ਲਈ ਪਲਾਂਟਿੰਗ ਔਗਰ ਜਾਂ ਬੋਕੀ ਨਾਲ 15-25 ਸੈਂ. ਮੀ. ਵਿਆਸ ਅਤੇ 1.0 ਮੀਟਰ ਡੂੰਘੇ ਨਾਪ ਦੇ ਟੋਏ ਤਿਆਰ ਕਰ ਲਵੋ। ਬੂਟੇ ਲਗਾਉਣ ਦਾ ਸਹੀ ਸਮਾਂ ਜਨਵਰੀ-ਫਰਵਰੀ ਦਾ ਮਹੀਨਾ ਹੈ। ਬੂਟੇ ਲਗਾਉਣ ਤੋਂ 48 ਘੰਟੇ ਪਹਿਲਾਂ ਇਹਨਾਂ ਦੀਆਂ ਜੜ੍ਹਾਂ ਨੂੰ ਚਲਦੇ ਪਾਣੀ ਵਿੱਚ ਡੁਬੋ ਕੇ ਰੱਖਣਾ ਚਾਹੀਦਾ ਹੈ। ਟੋਏ ਦੇ ਕੇਂਦਰ ਵਿੱਚ ਬੂਟਾ ਰੱਖਣ ਤੋਂ ਬਾਅਦ ਇਸ ਨੂੰ ਬਰਾਬਰ ਮਾਤਰਾ ਵਿੱਚ ਮਿੱਟੀ ਅਤੇ ਰੂੜੀ ਦੇ ਮਿਸ਼ਰਣ (1:1) ਤੇ 150 ਗ੍ਰਾਮ ਸਿੰਗਲ ਸੁਪਰ ਫਾਸਫੇਟ ਮੈਰਾ ਮਿੱਟੀ ਵਿੱਚ ਅਤੇ 200 ਗ੍ਰਾਮ ਸਿੰਗਲ ਸੁਪਰ ਫਾਸਫੇਟ ਰੇਤਲੀ ਮਿੱਟੀ ਵਿੱਚ ਰਲਾ ਕੇ ਚੰਗੀ ਤਰ੍ਹਾਂ ਦਬਾ ਕੇ ਭਰ ਦਿਓ ਅਤੇ ਤੁਰੰਤ ਬਾਅਦ ਬੂਟਿਆਂ ਦੀ ਸਿੰਚਾਈ ਕਰ ਦਿਓ। ਜੇ ਸੁਪਰ ਫਾਸਫੇਟ ਨਾ ਹੋਵੇ ਤਾਂ ਮੈਰਾ ਮਿੱਟੀ ਵਿੱਚ 50 ਗ੍ਰਾਮ ਡੀ.ਏ.ਪੀ. ਅਤੇ ਰੇਤਲੀ ਮਿੱਟੀ ਵਿੱਚ 70 ਗ੍ਰਾਮ ਡੀ.ਏ.ਪੀ. ਪਾਈ ਜਾ ਸਕਦੀ ਹੈ।

**ਕਾਂਟ-ਛਾਂਟ** : ਚੰਗੇ ਅਤੇ ਸਿੱਧੇ ਬੂਟੇ ਪੈਦਾ ਕਰਨ ਲਈ ਟਾਹਣੀਆਂ ਦੀ ਕਟਾਈ ਸਰਦੀਆਂ ਵਿੱਚ ਪੱਤੇ ਝਾੜਨ ਤੋਂ ਬਾਅਦ ਕਰੋ, ਅਤੇ ਕੱਟੇ ਹਿੱਸਿਆਂ ਉੱਤੇ ਬੋਰਡੋ ਮਿਸ਼ਰਨ (2 ਕਿਲੋ ਨੀਲਾ ਥੋਥਾ + 2 ਕਿਲੋ ਚੂਨਾ + 30 ਲੀਟਰ ਪਾਣੀ) ਲਗਾ ਦੇਵੋ। ਲੋੜ ਤੋਂ ਵੱਧ ਕਾਂਟ-ਛਾਂਟ ਕਰਨ ਨਾਲ ਬੂਟਿਆਂ ਦਾ ਵਾਧਾ ਰੁਕਦਾ ਹੈ ਅਤੇ ਜ਼ਿਆਦਾ ਟਾਹਣੀਆਂ ਨਿਕਲਦੀਆਂ ਹਨ।

**ਵਣਖੇਤੀ** : ਦੋ ਸਾਲ ਤੱਕ ਜਦੋਂ ਦਰਖਤ ਛੋਟੇ ਹੁੰਦੇ ਹਨ, ਕੋਈ ਵੀ ਫ਼ਸਲ ਖੇਤ ਵਿੱਚ ਉਗਾਈ ਜਾ ਸਕਦੀ ਹੈ। ਪਹਿਲੇ ਦੋ ਸਾਲ ਸਲਾਨਾ ਫ਼ਸਲਾਂ ਜਿਵੇਂ ਕਿ ਗੰਨਾ, ਹਲਦੀ ਆਦਿ ਵੀ ਲਾਈਆਂ ਜਾ ਸਕਦੀਆਂ ਹਨ। ਝੋਨੇ ਦੀ ਸਿਫ਼ਾਰਿਸ਼ ਪਾਪਲਰ ਨਾਲ ਨਹੀਂ ਕੀਤੀ ਜਾਂਦੀ ਕਿਉਂਕਿ ਪਾਣੀ ਖੜਨ ਨਾਲ ਦਰੱਖਤਾਂ ਦੇ ਡਿੱਗਣ ਦਾ ਖ਼ਤਰਾ ਅਤੇ ਜੜ੍ਹਾਂ ਨੂੰ ਗਲਣ ਰੋਗ ਲੱਗਣ ਦਾ ਡਰ ਹੁੰਦਾ ਹੈ। ਤੀਜੇ ਸਾਲ ਬਾਅਦ ਹਾੜੀ ਵਿੱਚ ਕਣਕ, ਜੌਂ, ਬਰਸੀਮ, ਆਲੂ, ਤੋਰੀਆ ਆਦਿ ਅਤੇ ਸਾਉਣੀ ਵਿੱਚ ਸਿਰਫ਼ ਚਾਰੇ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਚਰ੍ਹੀ, ਬਾਜਰਾ, ਗੁਆਰਾ ਆਦਿ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

**ਸਿੰਚਾਈ** : ਪੌਦੇ ਲਾਉਣ ਤੋਂ ਬਾਅਦ ਛੇਤੀ ਹੀ ਪਾਣੀ ਲਾ ਦਿਓ ਅਤੇ ਪਾਪਲਰ ਦੀਆਂ ਖਾਲੀਆਂ ਨੂੰ ਪਹਿਲੇ ਦੋ ਸਾਲ ਤੱਕ ਗਿੱਲਾ ਰੱਖੋ। ਬਾਅਦ ਵਿੱਚ ਅਕਤੂਬਰ ਤੋਂ ਫ਼ਰਵਰੀ ਤੱਕ ਪੰਦਰਾਂ ਦਿਨਾਂ ਵਿੱਚ ਇੱਕ ਵਾਰ ਸਿੰਚਾਈ ਅਤੇ ਮਾਰਚ ਤੋਂ ਜੂਨ ਦੇ ਮਹੀਨਿਆਂ ਵਿੱਚ 7-10 ਦਿਨਾਂ ਦੇ ਵਕਫੇ ਨਾਲ ਸਿੰਚਾਈ ਕਰੋ।

**ਖੁਰਾਕੀ ਤੱਤਾਂ ਦੀ ਲੋੜ** : ਹਰ ਸਾਲ 1/3 (ਇੱਕ ਤਿਹਾਈ) ਨਾਈਟਰੋਜਨ ਮਈ ਦੇ ਮਹੀਨੇ ਵਿੱਚ ਹਾੜੀ ਦੀ ਫ਼ਸਲ ਦੀ ਕਟਾਈ ਤੋਂ ਬਾਅਦ, ਇੱਕ ਤਿਹਾਈ ਨਾਈਟਰੋਜਨ ਜੁਲਾਈ ਅਤੇ ਬਾਕੀ ਇੱਕ ਤਿਹਾਈ ਨਾਈਟਰੋਜਨ ਸਤੰਬਰ ਵਿੱਚ ਪਾਓ। ਹਰ ਸਾਲ ਨਾਈਟਰੋਜਨ ਦੀ ਮਾਤਰਾ ਵੱਧਦੀ ਹੈ ਪਹਿਲੇ ਸਾਲ 80 ਗ੍ਰਾਮ/ਬੂਟਾ (1 ਮੀਟਰ ਘੇਰੇ ਵਿੱਚ) ਤੋਂ ਛੇਵੇਂ ਸਾਲ 280 ਗ੍ਰਾਮ/ ਬੂਟਾ 3 ਮੀਟਰ ਚੌੜੀ ਪੱਟੀ (1.5 ਮੀਟਰ ਲਾਈਨ ਦੇ ਦੋਨੋਂ ਪਾਸੇ)। ਪਾਪਲਰ ਨੂੰ ਹਰ ਸਾਲ ਡੀ.ਏ.ਪੀ. ਜਾਂ ਐਸ.ਐਸ.ਪੀ. (ਫਾਸਫੋਰਸ) ਪਾਉਣ ਦੀ ਲੋੜ ਨਹੀਂ ਹੈ ਕਿਉਂਕਿ ਪਾਪਲਰ ਫਾਸਫੋਰਸ ਦੀ ਪੂਰਤੀ ਹਾੜੀ ਦੀ ਫ਼ਸਲ ਨੂੰ ਪਾਈ ਫਾਸਫੋਰਸ ਤੋਂ ਪੂਰੀ ਕਰ ਲੈਂਦਾ ਹੈ ਜੋ ਕਿ ਗਰਮੀ ਦੇ ਮੌਸਮ ਵਿੱਚ ਮਿਲ ਜਾਂਦੀ ਹੈ। ਪਾਪਲਰ ਵਿੱਚ ਜ਼ਿੰਕ ਦੀ ਘਾਟ ਆਉਣ ਤੇ ਪੱਤਿਆਂ ਦੀਆਂ ਨਾੜੀਆਂ ਵਿਚਲਾ ਹਰਾ ਹਿੱਸਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਪੱਤੇ ਸੁੰਗੜ ਜਾਂਦੇ ਹਨ, ਖੁਰਦਰੇ ਹੋ ਜਾਂਦੇ ਹਨ ਅਤੇ ਉਹਨਾਂ ਦੇ ਅਕਾਰ ਵਿੱਚ ਵਾਧਾ ਵੀ ਨਹੀਂ ਹੁੰਦਾ। ਪਾਪਲਰ ਦੀ ਨਰਸਰੀ ਵਿੱਚ, ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ 21% ਜ਼ਿੰਕ ਜਾਂ 25 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ 33% ਜ਼ਿੰਕ/ਏਕੜ ਦੇ ਹਿਸਾਬ ਨਾਲ ਨਰਸਰੀ ਲਗਾਉਣ ਸਮੇਂ ਪਾਓ। ਇਸ ਖੁਰਾਕ ਨੂੰ 2 ਸਾਲ ਬਾਅਦ ਦੁਬਾਰਾ ਪਾ ਦੇਣਾ ਚਾਹੀਦਾ ਹੈ। ਪਾਪਲਰ ਦੇ ਬੂਟਿਆਂ ਵਿੱਚ, ਪਾਪਲਰ ਦੇ ਮਹੀਨੇ, ਤੀਜੇ ਅਤੇ ਪੰਜਵੇਂ ਸਾਲ 100, 200 ਅਤੇ 300 ਗ੍ਰਾਮ ਪ੍ਰਤੀ ਬੂਟਾ ਜ਼ਿੰਕ ਸਲਫੇਟ ਹੈਪਟਾਹਾਈਡਰੇਟ ਬੂਟਿਆਂ ਦੇ ਆਲੇ-ਦੁਆਲੇ ਕ੍ਰਮਵਾਰ 1 ਮੀਟਰ ਘੇਰੇ ਵਿੱਚ, 2 ਮੀਟਰ ਘੇਰੇ ਵਿੱਚ ਜਾਂ 3 ਮੀਟਰ ਚੌੜੀ ਪੱਟੀ (1.5 ਮੀਟਰ ਬੂਟਿਆਂ ਦੇ ਦੋਨੋ ਪਾਸੇ) ਵਿੱਚ ਹਾੜੀ ਦੀ ਫ਼ਸਲ ਕੱਟਣ ਤੋਂ ਬਾਅਦ ਮਿੱਟੀ ਵਿੱਚ ਰਲਾ ਦੇਣੀ ਚਾਹੀਦੀ ਹੈ।

**ਨਦੀਨਾਂ ਦੀ ਰੋਕਥਾਮ** : ਖੇਤਾਂ ਨੂੰ ਨਦੀਨਾਂ ਤੋਂ ਮੁਕਤ ਰੱਖਣ ਲਈ ਸ਼ੁਰੂਆਤੀ ਸਾਲਾਂ ਦੌਰਾਨ ਟਰੈਕਟਰ ਦੁਆਰਾ ਖਿੱਚੇ ਗਏ ਔਜ਼ਾਰਾਂ ਦੀ ਮਦਦ ਨਾਲ, ਕਾਸ਼ਤਕਾਰੀ ਢੰਗਾਂ ਰਾਹੀਂ ਜਾਂ ਗਲਾਈਫੋਸੇਟ ਦਾ ਨਦੀਨਾਂ ਦੇ ਉੱਗਣ ਤੋਂ ਬਾਅਦ ਛਿੜਕਾਅ, ਸਲਾਨਾ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਵਿੱਚ ਕਾਫੀ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ।

**ਕੀੜੇ-ਮਕੌੜੇ ਅਤੇ ਇਹਨਾਂ ਦੀ ਰੋਕਥਾਮ** : ਭਾਵੇਂ ਪਾਪਲਰ ਤੇ ਹੇਠ ਲਿਖੇ ਕੀੜੇ ਹਮਲਾ ਕਰ ਸਕਦੇ ਹਨ। ਪਰ ਆਮ ਤੌਰ ਤੇ ਬੂਟਿਆਂ ਵਿੱਚ ਇਸ ਤੋਂ ਉਭਰਨ ਦੀ ਸ਼ਕਤੀ ਹੁੰਦੀ ਹੈ।

**1. ਪੱਤੇ ਝਾੜਨ ਵਾਲੀ ਸੁੰਡੀ** : ਇਸ ਸੁੰਡੀ ਦੇ ਹਮਲੇ ਕਾਰਣ ਪੱਤੇ ਜਾਲ ਵਰਗੇ ਬਣ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸੁੰਡੀ ਸਾਰਾ ਪੱਤਾ ਖਾ ਜਾਂਦੀ ਹੈ ਅਤੇ ਸਿਰਫ ਨਾੜੀਆਂ ਰਹਿ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਉਹ ਪੱਤੇ ਜਿਨ੍ਹਾਂ ਤੇ ਸੁੰਡੀ ਜਾਂ ਆਂਡੇ ਹੋਣ, ਉਹਨਾਂ ਨੂੰ ਤੋੜ ਕੇ ਸਾੜ ਦਿਉ। ਸਰਦੀਆਂ (ਦਸੰਬਰ) ਵਿੱਚ ਖੇਤ ਨੂੰ 2-3 ਵਾਰ ਵਾਹ ਦਿਉ।

**2. ਪੱਤੇ ਲਪੇਟ ਸੁੰਡੀ** : ਇਹ ਜਾਲਾ ਬਣਾ ਕੇ ਲਪੇਟੇ ਹੋਏ ਪੱਤੇ ਵਿੱਚੋਂ ਹਰਾ ਪਦਾਰਥ ਖਾਂਦੀ ਹੈ। ਇਸ ਦੀ ਰੋਕਥਾਮ ਲਈ ਉਹ ਸਾਰੀਆਂ ਵਿਧੀਆਂ ਵਰਤੋਂ ਜੋ ਅਸੀਂ ਪੱਤੇ ਖਾਣ ਵਾਲੀਆਂ ਸੁੰਡੀਆਂ ਲਈ ਵਰਤਦੇ ਹਾਂ।

**3. ਤਣੇ ਦਾ ਗੜੂੰਆ** : ਨਰਸਰੀ ਵਿੱਚ ਇਹ ਸੁੰਡੀਆਂ ਤਣੇ ਵਿੱਚੋਂ ਸੁਰੰਗਾਂ ਬਣਾ ਕੇ ਨਿੱਚੇ ਜੜ੍ਹ ਤੱਕ ਪਹੁੰਚ ਜਾਂਦੀਆਂ ਹਨ। ਦਰਖਤਾਂ ਉੱਪਰ ਹਮਲੇ ਦੌਰਾਨ ਸੁੰਡੀਆਂ 10-12 ਸੈਂਟੀਮੀਟਰ ਦੇ ਅੰਤਰਾਲ ਤੇ 8-10 ਗੋਲ ਛੇਕ (ਜੋ ਕਿ ਖਾਦੇ ਹੋਏ ਪਦਾਰਥ ਦੇ ਨਿਕਾਸ ਨੂੰ ਬਾਹਰ ਸੁੱਟਣ ਲਈ) ਮੁੱਖ ਤਣੇ ਉੱਪਰ ਬਣਾਉਂਦੀਆਂ ਹਨ। ਇਸ ਦੀ ਰੋਕਥਾਮ ਲਈ ਹਮਲੇ ਵਾਲੀਆਂ ਟਹਿਣੀਆਂ ਦੀ ਕਾਂਟ-ਛਾਂਟ ਅਗਸਤ-ਸਤੰਬਰ ਵਿੱਚ ਕਰ ਦਿਓ। ਗੋਲ ਛੇਕਾਂ ਨੂੰ ਚੀਕਣੀ ਮਿੱਟੀ ਨਾਲ ਭਰ ਦਿਓ ਤੇ ਕੇਵਲ ਤਣੇ ਤੇ ਸਭ ਤੋਂ ਹੇਠਲੇ ਛੇਕ ਵਿੱਚ ਮਿੱਟੀ ਦਾ ਤੇਲ ਪਾ ਦਿਓ। ਇਸ ਕੀੜੇ ਦੇ ਦੂਸਰੇ ਖੁਰਾਕੀ ਬੂਟੇ ਜਿਵੇਂ ਕਿ ਤੂਤ ਜਾਂ ਸੇਬ ਨੂੰ ਪਾਪਲਰ ਦੇ ਖੇਤ ਦੇ ਆਸਪਾਸ ਨਾ ਲਗਾਓ।

**4. ਸੱਕ ਖਾਣ ਵਾਲੀ ਸੁੰਡੀ** : ਇਸ ਦੇ ਲਾਰਵੇ ਤਣੇ ਅਤੇ ਟਾਹਣੀਆਂ ਵਿੱਚ ਛੇਕ ਕਰਕੇ ਸੱਕ ਨੂੰ ਖਾਂਦੇ ਹਨ ਅਤੇ ਜਾਲਾ ਬਣਾਉਂਦੇ ਹਨ। ਇਹ ਛੇਕ ਖਾਸ ਕਰਕੇ ਉਹਨਾਂ ਥਾਵਾਂ ਤੇ ਹੁੰਦੇ ਹਨ ਜਿੱਥੇ ਟਾਹਣੀਆਂ ਦੀ ਕਾਂਟ-ਛਾਂਟ ਕੀਤੀ ਗਈ ਹੋਵੇ। ਇਸ ਦੀ ਰੋਕਥਾਮ ਲਈ ਜਾਲਿਆਂ ਨੂੰ ਲਾਹ ਦਿਓ ਅਤੇ ਮਿੱਟੀ ਦਾ ਤੇਲ ਛੇਕਾਂ ਵਿੱਚ ਪਾ ਦਿਓ। ਗਰਮੀਆਂ ਵਿੱਚ ਲੋੜ ਅਨੁਸਾਰ ਪਾਣੀ ਲਗਾਉਂਦੇ ਰਹੋ। ਪਾਪਲਰ ਦੀ ਫਲਦਾਰ ਬੂਟਿਆਂ ਦੇ ਬਾਗ ਜਿਵੇਂ ਕਿ ਲੀਚੀ, ਅਮਰੂਦ, ਆਦਿ ਦੇ ਆਸਪਾਸ ਨਾ ਲਗਾਓ।

**ਬਿਮਾਰੀਆਂ ਅਤੇ ਇਹਨਾਂ ਦੀ ਰੋਕਥਾਮ** :

**1. ਕਲਮਾਂ ਦਾ ਗਲਣਾ** : ਇਸ ਬਿਮਾਰੀ ਦੇ ਹਮਲੇ ਨਾਲ ਨਰਸਰੀ ਵਿੱਚ ਕਲਮਾਂ ਦੇ ਉੱਤੇ ਕਾਲੇ ਰੰਗ ਦੇ ਧੱਬੇ ਬਣ ਜਾਂਦੇ ਹਨ। ਜਿਸ ਕਾਰਨ ਕਲਮਾਂ ਗਲ ਜਾਂਦੀਆਂ ਹਨ। ਕਲਮਾਂ ਨੂੰ ਬਿਜਾਈ ਤੋਂ 15 ਮਿੰਟ ਪਹਿਲਾਂ ਬਾਵਿਸਟਿਨ 0.5% ਵਾਲੇ ਘੋਲ ਵਿੱਚ ਡੋਬ ਕੇ ਇਸ ਦਾ ਇਲਾਜ ਕਰੋ। ਜੇ ਨਰਸਰੀ ਵਿੱਚ ਪੌਦਿਆਂ ਉੱਤੇ ਬਿਮਾਰੀ ਨਜ਼ਰ ਆਵੇ ਤਾਂ ਕਲਮਾਂ ਦੇ ਦੁਆਲੇ ਮਿੱਟੀ ਨੂੰ ਬੋਰਡੋ ਮਿਸ਼ਰਣ (0.8%) ਨਾਲ ਗੜੁੱਚ ਕਰੋ। ਸਿੱਲੀਆਂ ਭਾਰੀਆਂ ਜ਼ਮੀਨਾਂ ਵਿੱਚ ਕਲਮਾਂ ਤੋਂ ਪਨੀਰੀ ਤਿਆਰ ਨਾ ਕਰੋ।

**2. ਪੱਤਿਆਂ ਤੇ ਧੱਬਿਆਂ ਦਾ ਰੋਗ** : ਇਸ ਬਿਮਾਰੀ ਦੇ ਹਮਲੇ ਨਾਲ ਪੱਤਿਆਂ ਤੇ ਗੂੜੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਕਾਰਨ ਪੱਤੇ ਝੜ ਵੀ ਸਕਦੇ ਹਨ। ਇਸ ਬਿਮਾਰੀ ਦੇ ਲੱਛਣ ਜੁਲਾਈ ਮਹੀਨੇ ਬਾਰਸ਼ ਸ਼ੁਰੂ ਹੋਣ ਤੋਂ ਬਾਅਦ ਵੇਖਣ ਨੂੰ ਮਿਲਦੇ ਹਨ। ਪਾਪਲਰ ਦੇ ਧੱਬਿਆਂ ਦੀ ਰੋਕਥਾਮ ਬੋਰਡੋ ਮਿਸ਼ਰਣ (0.8%) ਦੇ ਤਿੰਨ ਤੋਂ ਚਾਰ ਸਪਰੇਅ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਜਾਂ ਮਾਨਸੂਨ ਦੀ ਸ਼ੁਰੂਆਤ ਤੋਂ ਬਾਅਦ ਪੰਦਰਾਂ ਦਿਨਾਂ ਦੇ ਅੰਤਰਾਲ ਤੇ ਕਰੋ।

**ਕਟਾਈ ਅਤੇ ਮੰਡੀਕਰਨ** : ਜਦੋਂ ਬੂਟਿਆਂ ਦੀ ਲਪੇਟ 80 ਸੈ.ਮੀ. ਹੋ ਜਾਵੇ ਤਾਂ ਇਹ ਕੱਟਣ ਯੋਗ ਹੋ ਜਾਂਦੇ ਹਨ। ਆਮ ਤੌਰ ਤੇ ਇਹ ਮੋਟਾਈ 5-6 ਸਾਲਾਂ ਵਿੱਚ ਹੋ ਜਾਂਦੀ ਹੈ। ਪਾਣੀ ਦੇ ਨਿਕਾਸ ਵਾਲੀਆਂ ਉਪਜਾਊ ਜ਼ਮੀਨਾਂ ਅਤੇ ਵਧੀਆ ਖੇਤੀ ਪ੍ਰਬੰਧ ਨਾਲ ਪਾਪਲਰ 5 ਸਾਲਾਂ ਵਿੱਚ ਕੱਟਿਆ ਜਾ ਸਕਦਾ ਹੈ। ਪਰੰਤੂ ਇਸ ਨੂੰ ਕੱਟ ਕੇ ਵੇਚਣ ਦੀ ਬਜਾਏ ਖੜੇ ਰੁੱਖਾਂ ਨੂੰ ਵੇਚਣ ਦੀ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਚੰਗਾ ਭਾਅ ਨਾ ਮਿਲਣ ਦੀ ਸੂਰਤ ਵਿੱਚ ਮੰਡੀਕਰਨ ਨੂੰ ਅੱਗੇ ਪਾਇਆ ਜਾ ਸਕੇ। ਨਾਲ ਹੀ ਕੋਸ਼ਿਸ਼ ਕਰੋ ਕਿ ਗਰੁੱਪ ਬਣਾ ਕੇ ਮੰਡੀਕਰਣ ਕੀਤਾ ਜਾਵੇ ਬੂਟਿਆਂ ਦੀ ਮੋਟਾਈ ਦੇ ਅਧਾਰ ਤੇ ਲੱਕੜ ਦਾ ਘਣਫਲ ਅਤੇ ਭਾਰ ਦਾ ਪਤਾ ਲਾਉਣ ਅਤੇ ਹੋਰ ਵਧੇਰੇ ਤਕਨੀਕੀ ਜਾਣਕਾਰੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਜੰਗਲਾਤ ਤੇ ਕੁਦਰਤੀ ਸੋਮੇ ਵਿਭਾਗ ਨਾਲ ਸੰਪਰਕ ਕਰੋ।



# ਕਿੰਨੂ ਦੀ ਪ੍ਰੋਸੈਸਿੰਗ ਰਾਹੀਂ ਉਤਪਾਦ ਤਿਆਰ ਕਰੋ

ਸੁਖਪ੍ਰੀਤ ਕੌਰ : 99883-17979, ਨੇਹਾ ਬੱਬਰ ਅਤੇ ਪੂਨਮ ਅਗਰਵਾਲ, ਭੋਜਨ ਵਿਗਿਆਨ ਅਤੇ ਤਕਨਾਲੋਜੀ

ਕਿੰਨੂ ਪ੍ਰੋਸੈਸਿੰਗ ਦੁਆਰਾ ਪੈਦਾ ਕੀਤੀ ਰਹਿੰਦ-ਖੂੰਹਦ ਵਿੱਚ ਐਂਟੀਆਕਸੀਡੈਂਟ ਹੁੰਦੇ ਹਨ। ਕਈ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਖਾਣ ਵਾਲੇ ਟਿਸ਼ੂ ਦੇ ਮੁਕਾਬਲੇ ਕਿੰਨੂ ਦੇ ਛਿਲਕੇ ਅਤੇ ਬੀਜਾਂ ਵਿੱਚ ਫਾਈਟੋਕੈਮੀਕਲ ਤੱਕ ਜ਼ਿਆਦਾ ਹੁੰਦਾ ਹੈ। ਕਿੰਨੂ ਦਾ ਪੂਰਾ ਇਸਤੇਮਾਲ ਕਿਸਾਨਾਂ ਦੇ ਨਾਲ-ਨਾਲ ਉੱਦਮੀਆਂ ਲਈ ਲਾਭਦਾਇਕ ਹੋਵੇਗਾ। ਪੀ.ਏ.ਯੂ. ਨੇ ਕਿੰਨੂ ਤੋਂ ਜੂਸ, ਕਿੰਨੂ ਕੈਂਡੀ, ਕਿੰਨੂ ਦਾ ਮੁਰੱਬਾ, ਕਿੰਨੂ ਵਾਈਨ, ਜੂਸ ਦੀ ਰਹਿੰਦ-ਖੂੰਹਦ ਤੋਂ ਕਿੰਨੂ ਲੈਦਰ, ਕੈਂਡੀ ਅਤੇ ਆਈਸ ਕਰੀਮ, ਸੁੱਕੇ ਕਿੰਨੂ ਦੇ ਛਿਲਕੇ ਅਤੇ ਪੈਕਟਿਨ ਤੋਂ ਵੱਖ-ਵੱਖ ਵੈਲਯੂ ਐਡਿਡ ਉਤਪਾਦ ਤਿਆਰ ਕੀਤੇ ਹਨ। ਇਹ ਵੈਲਯੂ ਐਡਿਡ ਉਤਪਾਦ ਤਿਆਰ ਕਰਨੇ ਆਸਾਨ ਹਨ ਅਤੇ ਵਪਾਰਕ ਉੱਦਮਾਂ ਲਈ ਸਕੇਲ ਕੀਤੇ ਜਾ ਸਕਦੇ ਹਨ।



**ਮੁੱਲ ਵਾਧੇ ਵਾਲੇ ਉਤਪਾਦ : ਕਿੰਨੂ ਦਾ ਜੂਸ** : ਕਿੰਨੂ ਨੂੰ ਹੱਥੀਂ ਛਿੱਲਿਆ ਜਾਂਦਾ ਹੈ ਅਤੇ ਸਕਰੀਓ ਐਕਸਟਰੈਕਟਰ ਦੀ ਵਰਤੋਂ ਕਰਕੇ ਜੂਸ ਕੱਢਿਆ ਜਾਂਦਾ ਹੈ। ਕੱਢੇ ਹੋਏ ਜੂਸ ਨੂੰ ਮਲਮਲ ਦੇ ਕੱਪੜੇ ਰਾਹੀਂ ਫਿਲਟਰ ਕੀਤਾ ਜਾਂਦਾ ਹੈ ਅਤੇ 2 ਮਿੰਟ ਲਈ 80-85 ਡਿਗਰੀ ਸੈਲਸੀਅਸ 'ਤੇ ਪਾਸਚਰਾਈਜ਼ ਕਰਕੇ ਕੱਚ ਦੀਆਂ ਬੋਤਲਾਂ ਵਿੱਚ ਗਰਮ ਭਰਿਆ ਜਾਂਦਾ ਹੈ। ਭਰਨ ਤੋਂ ਬਾਅਦ, ਬੋਤਲਾਂ ਨੂੰ ਕੋਰਕ ਕਰਕੇ 30 ਮਿੰਟਾਂ ਲਈ ਉੱਬਲਦੇ ਪਾਣੀ ਵਿੱਚ ਰੱਖ ਕੇ ਪ੍ਰੋਸੈਸ ਕੀਤਾ ਜਾਂਦਾ ਹੈ।

**ਕਿੰਨੂ ਸਕੁਐਸ਼** : ਕੱਢੇ ਗਏ ਕਿੰਨੂ ਦੇ ਜੂਸ ਦੀ ਵਰਤੋਂ ਸਕੁਐਸ਼ ਦੀ ਤਿਆਰੀ ਲਈ ਕੀਤੀ ਜਾਂਦੀ ਹੈ। ਖੰਡ ਅਤੇ ਪਾਣੀ ਨੂੰ ਇਕ ਪਤੀਲੇ ਵਿਚ ਘੋਲ ਕੇ ਅਤੇ ਸਿਟਰਿਕ ਐਸਿਡ ਪਾ ਕੇ ਚਾਸ਼ਨੀ ਤਿਆਰ ਕੀਤੀ ਜਾਂਦੀ ਹੈ। ਫਿਰ ਕਿੰਨੂ ਦਾ ਰਸ ਚਾਸ਼ਨੀ ਵਿੱਚ ਮਿਲਾਇਆ ਜਾਂਦਾ ਹੈ। ਜਿਸ ਨੂੰ ਫਿਰ ਮਲਮਲ ਦੇ ਕੱਪੜੇ ਰਾਹੀਂ ਛਾਣਿਆ ਜਾਂਦਾ ਹੈ। ਟੀ. ਐਸ. ਐਸ ਨੂੰ 48 ਅਤੇ ਐਸਿਡਿਟੀ ਨੂੰ 1.25% ਤੱਕ ਐਡਜਸਟ ਕੀਤਾ ਜਾਂਦਾ ਹੈ। ਤਿਆਰ ਸਕੁਐਸ਼ ਨੂੰ ਪਲਾਸਟਿਕ ਦੀਆਂ ਬੋਤਲਾਂ ਵਿੱਚ ਭਰ ਦੇ ਸੀਲ ਕਰ ਦਿੱਤਾ ਜਾਂਦਾ ਹੈ।

**ਕਿੰਨੂ ਦਾ ਨੈਕਟਰ** : ਕੱਢੇ ਹੋਏ ਕਿੰਨੂ ਦੇ ਰਸ ਨੂੰ ਤਿਆਰ ਚਾਸ਼ਨੀ ਵਿੱਚ ਮਿਲਾਇਆ ਜਾਂਦਾ ਹੈ। ਤਿਆਰ ਕੀਤੇ ਨੈਕਟਰ ਨੂੰ ਥਰਮਲ ਪ੍ਰੋਸੈਸ ਕੀਤਾ ਜਾਂਦਾ ਹੈ। ਨੈਕਟਰ ਨੂੰ 3 ਮਿੰਟ ਲਈ 85 ਡਿਗਰੀ ਸੈਲਸੀਅਸ 'ਤੇ ਪਾਸਚਰਾਈਜ਼ ਕੀਤਾ ਜਾਂਦਾ ਹੈ ਅਤੇ 200 ਮਿ.ਲਿ. ਵਾਲੀਆਂ ਕੱਚ ਦੀਆਂ ਬੋਤਲਾਂ ਵਿੱਚ ਗਰਮ ਭਰਿਆ ਜਾਂਦਾ ਹੈ। ਫਿਰ ਕੱਚ ਦੀਆਂ ਬੋਤਲਾਂ ਨੂੰ ਉੱਬਲਦੇ ਪਾਣੀ ਵਿਚ 20-30 ਮਿੰਟਾਂ ਲਈ ਸਟਰਲਾਇਜ਼ ਕੀਤਾ ਜਾਂਦਾ ਹੈ ਅਤੇ ਹੌਲੀ-ਹੌਲੀ ਠੰਡਾ ਕੀਤਾ ਜਾਂਦਾ ਹੈ। ਪ੍ਰੋਸੈਸਡ ਬੋਤਲਾਂ ਨੂੰ ਇਕ ਸਾਲ ਤੱਕ ਰੱਖਿਆ ਜਾ ਸਕਦਾ ਹੈ।

**ਕਿੰਨੂ ਰੈਡੀ ਟੂ ਸਰਵ ਡਰਿੰਕ** : ਕਿੰਨੂ ਦੇ ਕੱਢੇ ਹੋਏ ਰਸ ਨੂੰ ਤਿਆਰ ਚਾਸ਼ਨੀ ਵਿੱਚ ਮਿਲਾਇਆ ਜਾਂਦਾ ਹੈ। ਟੀ. ਐਸ. ਐਸ ਨੂੰ 3 ਮਿੰਟ ਲਈ 85 ਡਿਗਰੀ 'ਤੇ ਪਾਸਚਰਾਈਜ਼ ਕੀਤਾ ਜਾਂਦਾ ਹੈ ਅਤੇ 200 ਮਿ.ਲਿ. ਵਾਲੀਆਂ ਕੱਚ ਦੀਆਂ ਬੋਤਲਾਂ ਵਿੱਚ ਗਰਮ ਭਰਿਆ ਜਾਂਦਾ ਹੈ। ਫਿਰ ਕੱਚ ਦੀਆਂ ਬੋਤਲਾਂ ਨੂੰ ਉੱਬਲਦੇ ਪਾਣੀ ਵਿਚ 20-30 ਮਿੰਟਾਂ ਲਈ ਸਟਰਲਾਇਜ਼ ਕੀਤਾ ਜਾਂਦਾ ਹੈ ਅਤੇ ਹੌਲੀ-ਹੌਲੀ ਠੰਢਾ ਕੀਤਾ ਜਾਂਦਾ ਹੈ।

**ਕਿੰਨੂ ਦੇ ਪ੍ਰੋਸੈਸਡ ਉਤਪਾਦ**

| | ਸਕੁਐਸ਼ | ਨੈਕਟਰ | ਰੈਡੀ ਟੂ ਸਰਵ |
|---|---|---|---|
| ਕਿੰਨੂ ਦਾ ਜੂਸ | 1 ਕਿਲੋ | 1 ਕਿਲੋ | 1 ਕਿਲੋ |
| ਖੰਡ | 1.65 ਕਿਲੋ | 600 ਗ੍ਰਾਮ | 1.1 ਕਿਲੋ |
| ਸਿਟਰਿਕ ਐਸਿਡ | 30 ਗ੍ਰਾਮ | 12 ਗ੍ਰਾਮ | 12 ਗ੍ਰਾਮ |
| ਪਾਣੀ | 1.30 ਕਿਲੋ | 3.40 ਕਿਲੋ | 4 ਕਿਲੋ |

**ਕਿੰਨੂ ਕੈਂਡੀ** : ਪੌਸ਼ਟਿਕ ਕਿੰਨੂ ਕੈਂਡੀ ਤਾਜ਼ੇ ਫਲਾਂ ਦੇ ਨਾਲ-ਨਾਲ ਛਿਲਕਿਆਂ ਤੋਂ ਵੀ ਤਿਆਰ ਕੀਤੀ ਜਾ ਸਕਦੀ ਹੈ। ਛਿਲਕੇ ਵਾਲੀ ਕੈਂਡੀ ਨੂੰ ਬੇਕਿੰਗ ਉਦਯੋਗ ਵਿੱਚ ਕੇਕ, ਕੂਕੀਜ਼, ਪੁਡਿੰਗਜ਼ ਅਤੇ ਮੁਰੱਬੇ ਬਣਾਉਣ ਲਈ ਵਰਤਿਆ ਜਾ ਸਕਦਾ ਹੈ।

ਛਿਲਕੇ ਰਹਿਤ ਕਿੰਨੂ ਦੇ ਫਲ ਨੂੰ ਕੱਟੋ

↓

4% ਕੈਲਸ਼ੀਅਮ ਹਾਈਡ੍ਰੋਕਸਾਈਡ ਘੋਲ ਵਿੱਚ ਰਾਤ ਭਰ ਡੁਬੋ ਕੇ ਰੱਖੋ ਅਤੇ ਫਿਰ ਕੋਸੇ ਪਾਣੀ ਨਾਲ ਧੋਵੋ

↓

ਛਿਲਕੇ ਰਹਿਤ ਕਿੰਨੂ ਦੇ ਫਲ ਦੇ ਟੁਕੜਿਆਂ ਨੂੰ ਚੀਨੀ ਦੇ ਰਸ ਵਿਚ ਡੁਬੋਣਾ (55 ਸਿਰਪ + 0.3% ਸਿਟਰਿਕ ਐਸਿਡ)

↓

ਉਬਾਲ ਕੇ ਸਿਰਪ ਨੂੰ 60 ਤੱਕ ਵਧਾਉਣਾ

↓

ਕਿੰਨੂ ਦੇ ਟੁਕੜਿਆਂ ਨੂੰ ਇੱਕ ਦਿਨ ਲਈ ਭਿਉਣਾ

↓

ਪ੍ਰਕਿਰਿਆ ਨੂੰ ਦੁਹਰਾਉਣਾ ਅਤੇ ਸਿਰਪ ਨੂੰ 70 ਤੱਕ ਵਧਾਉਣਾ

↓

ਇੱਕ ਹਫਤੇ ਲਈ 70 ਵਿੱਚ ਡੁਬੋਣਾ (ਸੋਡੀਅਮ ਬੈਂਜੋਏਟ 200 ਪੀ ਪੀ ਐਮ)

↓

ਸਿਰਪ ਨੂੰ ਵੱਖਰਾ ਕਰਨਾ

↓

ਫਲਾਂ ਦੇ ਟੁਕੜਿਆਂ ਨੂੰ 4% ਪੈਕਟਿਨ ਨਾਲ ਕੋਟ ਕਰਨਾ

↓

ਕੈਬਿਨੇਟ ਡਰਾਇਰ ਵਿਚ 55/6-7 ਘੰਟੇ ਤੱਕ ਸੁਕਾਉਣਾ

ਕਿਸਾਨਾਂ ਲਈ ਪ੍ਰੇਰਣਾ ਬਣਿਆ ਭੰਗੂ

# ਚਾਰ ਸਾਲਾਂ ਤੋਂ ਫੁੱਲ, ਪਿਆਜ਼ਾਂ ਅਤੇ ਸਬਜ਼ੀਆਂ ਦੀ ਪਨੀਰੀ ਵੇਚ ਕੇ ਚੋਖੀ ਆਮਦਨ ਕਰ ਰਿਹੈ ਰਜਿੰਦਰ ਸਿੰਘ ਭੰਗੂ

ਪਾਣੀ ਦੇ ਘੱਟ ਰਹੇ ਪੱਧਰ ਤੋਂ ਚਿੰਤਤ ਜਿੱਥੇ ਖੇਤੀਬਾੜੀ ਮਾਹਰਾਂ ਅਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਬਾਹਰ ਕੱਢਣ ਲਈ ਸਹਾਇਕ ਧੰਦੇ ਅਪਣਾਉਣ ਅਤੇ ਘੱਟ ਪਾਣੀ ਮੰਗਣ ਵਾਲੀਆਂ ਫ਼ਸਲਾਂ ਬੀਜਣ ਸੰਬੰਧੀ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉੱਥੇ ਕਸਬਾ ਕਲਾਨੌਰ ਵਿਖੇ ਸੇਵਾਮੁਕਤ ਫੌਜੀ ਤੇ ਨਿਹੰਗ ਸਿੰਘ ਰਾਜਿੰਦਰ ਸਿੰਘ ਭੰਗੂ ਅਤੇ ਉਸ ਦਾ ਪੁੱਤਰ ਅੰਮ੍ਰਿਤਪਾਲ ਸਿੰਘ ਭੰਗੂ ਪਿਛਲੇ ਚਾਰ ਸਾਲਾਂ ਤੋਂ ਪਿਆਜ਼ ਤੋਂ ਇਲਾਵਾ ਹੋਰ ਗਰਮੀਆਂ ਦੀਆਂ ਹਰੀਆਂ ਸਬਜ਼ੀਆਂ ਦੀਆਂ ਪਨੀਰੀਆਂ ਅਤੇ ਫੁੱਲਾਂ ਦੀ ਪੈਦਾਵਾਰ ਕਰਕੇ ਚੋਖੀ ਆਮਦਨ ਕਰ ਰਹੇ ਹਨ। ਆਪਣੇ ਖੇਤਾਂ ਵਿੱਚ ਹੱਥੀਂ ਮਿਹਨਤ ਕਰਨ ਨੂੰ ਤਰਜ਼ੀਹ ਦੇ ਰਹੇ ਸੇਵਾਮੁਕਤ ਫੌਜੀ ਨਿਹੰਗ ਅਰਜਿੰਦਰ ਸਿੰਘ ਭੰਗੂ ਅਤੇ ਉਸ ਦੇ ਪੁੱਤਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਆਪਣੀ ਜ਼ਮੀਨ ਵਿੱਚ ਗੇਂਦਾ, ਗੁੱਟਾ, ਜਾਫਰੀ ਕਿਸਮ ਦੇ ਫੁੱਲਾਂ ਦੀ ਖੇਤੀ ਕਰਨ ਦੇ ਨਾਲ-ਨਾਲ ਪਿਆਜ਼ ਦੇ ਕਣ (ਪਨੀਰੀ) ਅਤੇ ਗਰਮੀ ਦੇ ਮੌਸਮ ਦੀਆਂ ਅਗੇਤੀਆਂ ਸਬਜ਼ੀਆਂ ਦੀ ਪਨੀਰੀ ਜਿਵੇਂ ਕਰੇਲਾ, ਘੀਆ ਕੱਦੂ, ਕਰੇਲਾ, ਚੱਪਣ ਕੱਦੂ, ਹਲਵਾ, ਖਰਬੂਜ਼ਾ, ਹਦਵਾਣਾ, ਮਿਰਚ, ਟਮਾਟਰ, ਬੈਂਗਣ ਵੱਖ-ਵੱਖ ਕਿਸਮਾਂ ਆਦਿ ਦੀ ਕਾਸ਼ਤ ਉਨ੍ਹਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਪਿਆਜ਼ ਦੀ ਪਨੀਰੀ ਦੀ ਬਿਜਾਈ ਦਾ ਢੁੱਕਵਾਂ ਸਮਾਂ ਹੋਣ ਕਾਰਨ ਵੱਡੇ ਪੱਧਰ 'ਤੇ ਗੰਢਿਆਂ ਦੀ ਪਨੀਰੀ ਦੀ ਪੁਟਾਈ ਕਰਕੇ ਵਿਕਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਢਾਈ ਕਨਾਲ ਦੇ ਕਰੀਬ ਰਕਬੇ ਵਿੱਚ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਦੇਸੀ ਪਿਆਜ਼ ਰਤੀਆ ਬੀਜ ਦੀ ਬਿਜਾਈ ਕੀਤੀ ਗਈ ਹੈ।



ਰਜਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬਿਜਾਈ ਕੀਤਾ ਗਿਆ ਗੰਢਿਆਂ ਦਾ ਕਣ ਇਸ ਵੇਲੇ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਗੰਢਿਆਂ ਦੀ ਬਿਜਾਈ ਦਾ ਢੁੱਕਵਾਂ ਸਮਾਂ ਜਨਵਰੀ ਦੇ ਦੂਸਰੇ ਹਫਤੇ ਤੋਂ ਲੈ ਕੇ ਫਰਵਰੀ ਦੇ ਤੀਸਰੇ ਹਫਤੇ ਤੱਕ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਪਿਆਜ਼ ਦੀ ਪਨੀਰੀ ਦੀ ਵਿਕਰੀ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ ਅਤੇ ਦੂਰ-ਦੁਰਾਡੇ ਤੋਂ ਜਿਵੇਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ ਦੇ ਖੇਤਰ ਤੋਂ ਲੋਕ ਇਸ ਕੁਆਲਿਟੀ ਦੇ ਪਿਆਜ਼ ਨੂੰ ਖਰੀਦਣ ਦੀ ਤਰਜ਼ੀਹ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਢੁੱਕਵੇਂ ਸਮੇਂ ਵਿੱਚ ਬਿਜਾਈ ਕੀਤਾ ਗਿਆ ਪਿਆਜ਼ ਪ੍ਰਤੀ ਏਕੜ ਵਿੱਚੋਂ 140 ਤੋਂ ਲੈ ਕੇ 160 ਕੁਇੰਟਲ ਝਾੜ ਨਿਕਲਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੌਸਮ ਦੌਰਾਨ ਪਿਆਜ਼ ਦੇ ਕਣ ਦਾ ਝਾੜ ਪਿਛਲੇ ਸਾਲ ਨਾਲੋਂ ਘੱਟ ਹੈ, ਜਦੋਂਕਿ ਬੂਟੇ ਦੀ ਗਰੋਥ ਅਤੇ ਕੁਆਲਿਟੀ ਵਧੀਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਬਿਜਾਈ ਕੀਤੀਆਂ ਗਈਆਂ ਗਰਮੀਆਂ ਦੀਆਂ ਸਬਜ਼ੀਆਂ ਦੀਆਂ ਪਨੀਰੀਆਂ ਪੂਰੀ ਤਰ੍ਹਾਂ ਤਿਆਰ ਹਨ। ਇਸ ਵੇਲੇ ਪੈ ਰਹੀ ਠੰਢ ਤੋਂ ਬਚਾਉਣ ਲਈ ਸਬਜ਼ੀਆਂ ਦੀਆਂ ਪਨੀਰੀਆਂ ਨੂੰ ਪੋਲੀਥੀਨ ਨਾਲ ਰਾਤ ਵੇਲੇ ਢੱਕਿਆ ਜਾ ਰਿਹਾ ਹੈ।

ਇਸ ਮੌਕੇ ਰਜਿੰਦਰ ਸਿੰਘ ਭੰਗੂ ਅਤੇ ਅੰਮ੍ਰਿਤ ਪਾਲ ਸਿੰਘ ਨੇ ਕਿਹਾ ਕਿ ਹੱਥੀਂ ਮਿਹਨਤ ਕਰਨ ਵਾਲਿਆਂ ਸਬਜ਼ੀਆਂ ਦੀਆਂ ਪਨੀਰੀਆਂ ਤੋਂ ਇਲਾਵਾ ਉਨ੍ਹਾਂ ਵੱਲੋਂ ਬਿਜਾਈ ਕੀਤੇ ਜਾ ਰਹੇ ਫੁੱਲਾਂ ਦੀ ਖੇਤੀ ਲਾਹੇਵੰਦ ਸਾਬਤ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿੱਚ ਲੱਖਾਂ ਰੁਪਏ ਖਰਚ ਕਰਨ ਦੀ ਬਜਾਏ ਆਪਣੀ ਧਰਤੀ 'ਤੇ ਹੀ ਸਬਜ਼ੀਆਂ, ਫੁੱਲਾਂ ਅਤੇ ਹੋਰ ਸਹਾਇਕ ਧੰਦੇ ਅਪਣਾ ਕੇ ਪੰਜਾਬ ਦੀ ਧਰਤੀ ਨੂੰ ਖੁਸ਼ਹਾਲ ਬਣਾਉਣ।



# ਫਰਵਰੀ ਮਹੀਨਾ ਗਰਮੀਆਂ ਦੀਆਂ ਸਬਜ਼ੀਆਂ ਲਗਾਉਣ ਲਈ ਢੁੱਕਵਾਂ ਸਮਾਂ



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ
ਮੋਬਾਇਲ 75080-18903

**ਨੈਸ਼ਨਲ ਇੰਨਸਟੀਚਿਊਟ ਆਫ ਨਿਊਟਰੀਸ਼ੀਅਨ, ਹੈਦਰਾਬਾਦ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਬਾਗਬਾਨੀ ਵਿਭਾਗ, ਪੰਜਾਬ ਅਤੇ ਪੀ. ਏ. ਯੂ. ਲੁਧਿਆਣਾ ਗਰਮੀ/ਸਰਦੀ ਦੀਆਂ ਮਿੰਨੀ ਕਿੱਟਾਂ ਬਹੁਤ ਹੀ ਵਾਜ਼ਬ ਰੇਟ 'ਤੇ ਸਪਲਾਈ ਕਰਦੇ ਹਨ, ਜਿਸ ਵਿੱਚ 8-10 ਤਰ੍ਹਾਂ ਦੇ ਬੀਜ ਹੁੰਦੇ ਹਨ। ਇਸ ਇੱਕ ਮਿੰਨੀ ਕਿੱਟ ਤੋਂ ਘਰ ਦੇ 4-5 ਪਰਿਵਾਰਕ ਮੈਂਬਰ ਸੀਜ਼ਨ ਦੌਰਾਨ ਸਬਜ਼ੀਆਂ ਦੀ ਵਰਤੋਂ ਕਰ ਸਕਦੇ ਹਨ।**

ਗਰਮੀ ਦੀਆਂ ਸਬਜ਼ੀਆਂ ਲਈ ਸਮੇਂ ਸਿਰ ਬਿਜਾਈ, ਜਗ੍ਹਾਂ ਦੀ ਚੋਣ ਅਤੇ ਕਿਸਮ ਦੀ ਚੋਣ ਸਫ਼ਲ ਕਾਸ਼ਤ ਕਰਨ ਲਈ ਅਹਿਮ ਰੋਲ ਅਦਾ ਕਰਦੇ ਹਨ। ਇਹ ਸਬਜ਼ੀਆਂ ਚਾਹੇ ਘਰੇਲੂ ਪੱਧਰ 'ਤੇ ਲਗਾਉਣੀਆਂ ਹੋਣ ਜਾਂ ਵਪਾਰਕ ਪੱਧਰ ਲਈ। ਜੇਕਰ ਘਰੇਲੂ ਪੱਧਰ ਲਈ ਲਾਉਣੀਆਂ ਹਨ ਤਾਂ ਉਹ ਘਰ ਦੇ ਦੱਖਣ ਵਾਲੇ ਪਾਸੇ ਕਿਆਰੀਆਂ ਬਣਾ ਕੇ ਲਾਉਣੀਆਂ ਚਾਹੀਦੀਆਂ ਹਨ, ਜਿੱਥੇ ਸਬਜ਼ੀਆਂ ਨੂੰ ਜ਼ਿਆਦਾ ਸਮੇਂ ਲਈ ਧੁੱਪ ਮਿਲ ਸਕੇ। ਜੇਕਰ ਨੇੜੇ ਦਰੱਖਤ ਹੋਣ ਤਾਂ ਉਨ੍ਹਾਂ ਦੀ ਵੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਬੀਜਾਂ ਦੇ ਪੁੰਗਰਣ ਲਈ 15 ਤੋਂ 25 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ। ਵਪਾਰਕ ਪੱਧਰ 'ਤੇ ਸਬਜ਼ੀਆਂ ਦੀ ਕਾਸ਼ਤ ਲਈ ਰੇਤਲੀ ਮੈਰਾ ਅਤੇ ਚੰਗੇ ਜਲ ਨਿਕਾਸ ਵਾਲੀ ਮਿੱਟੀ ਹੋਣੀ ਚਾਹੀਦੀ ਹੈ। ਚੀਕਣੀ ਮਿੱਟੀ ਸਬਜ਼ੀਆਂ ਦੀ ਕਾਸ਼ਤ ਲਈ ਠੀਕ ਨਹੀਂ ਹੈ। ਫਰਵਰੀ ਮਹੀਨੇ ਹੇਠ ਲਿਖੇ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ (ਸਾਰਣੀ-1)।

| ਸਾਰਣੀ : ਫਰਵਰੀ ਮਹੀਨੇ ਕਾਸ਼ਤ ਕੀਤੀਆਂ ਜਾਣ ਵਾਲੀਆਂ ਸਬਜ਼ੀਆਂ | | | | | | |
|---|---|---|---|---|---|---|
| ਲ. ਨੰ. | ਸਬਜ਼ੀ ਦਾ ਨਾਂ ਅਤੇ ਕਿਸਮਾਂ | ਬਿਜਾਈ ਦਾ ਸਮਾਂ | ਘਰੇਲੂ ਪੱਧਰ ਲਈ ਬੀਜ ਦੀ ਮਾਤਰਾ 1 ਮਰਲੇ ਲਈ | ਪ੍ਰਤੀ ਏਕੜ ਬੀਜ ਦੀ ਮਾਤਰਾ (ਕਿਲੋ) | ਬੂਟਿਆਂ ਦਾ ਫਾਸਲਾ ਸੈਂ. ਮੀ. | ਪੱਟੜੀਆਂ ਦਾ ਫਾਸਲਾ (ਮੀਟਰ) |
| 1. | ਘੀਆ ਕੱਦੂ (ਪੰਜਾਬ ਬਹਾਰ, ਪੰਜਾਬ ਬਰਕਤ) | ਫਰਵਰੀ-ਮਾਰਚ ਜੂਨ-ਜੁਲਾਈ | 12 ਗ੍ਰਾਮ | 2 | 45-60 | 2-2.5 |
| 2. | ਹਲਵਾ ਕੱਦੂ (ਪੰਜਾਬ ਨਵਾਬ, ਪੰਜਾਬ ਸਮਰਾਟ) | ਫਰਵਰੀ-ਮਾਰਚ | 10 | 1 | 45 | 1.5 |
| 3. | ਚੱਪਣ ਕੱਦੂ (ਪੰਜਾਬ ਚੱਪਣ ਕੱਦੂ ਨੰ: 1) | ਫਰਵਰੀ-ਮਾਰਚ | 12 ਗ੍ਰਾਮ | 2 | 45 | 1.25 |
| 4. | ਖਰਬੂਜਾ (ਪੰਜਾਬ ਸੁਨਿਹਰੀ, ਹਰਾ ਮੱਧੂ) | ਫਰਵਰੀ | 30 ਗ੍ਰਾਮ | 400 ਗ੍ਰਾਮ | 60 | 3-4 |
| 5. | ਤਰਬੂਜ (ਸ਼ੂਗਰ ਬੇਬੀ) | ਫਰਵਰੀ-ਮਾਰਚ | 10 ਗ੍ਰਾਮ | 1-2 | 60 | 2.5 |
| 6. | ਕਰੇਲਾ (ਪੰਜਾਬ ਕਰੇਲਾ 15, ਪੰਜਾਬ ਕਰੇਲੀ 1) | ਫਰਵਰੀ-ਮਾਰਚ ਜੂਨ-ਜੁਲਾਈ | 60 ਗ੍ਰਾਮ | 2 | 45 | 1.5 |
| 7. | ਕਾਲੀ ਤੋਰੀ (ਪੰਜਾਬ ਨਿਖਾਰ) | ਫਰਵਰੀ-ਮਾਰਚ | 12 | 2 | 90 | 3 |
| 8. | ਖੀਰਾ (ਪੰਜਾਬ ਖੀਰਾ ਨੰ: 1) | ਫਰਵਰੀ-ਮਾਰਚ | 6 ਗ੍ਰਾਮ | 1 | 60 | 1.5 |
| 9. | ਟੀਂਡਾ (ਪੰਜਾਬ ਟੀਂਡਾ 1, ਟੀਂਡਾ 48) | ਫਰਵਰੀ-ਮਾਰਚ | 10 ਗ੍ਰਾਮ | 2 | 45 | 1.5 |
| 10. | ਮਿਰਚਾਂ (ਸੀ. ਐਚ.-52, ਸੀ. ਐਚ.-27, ਪੰਜਾਬ ਸੰਧੂਰੀ) | ਫਰਵਰੀ | 5 ਗ੍ਰਾਮ | 200 ਗ੍ਰਾਮ | 60 ਸੈਂ. ਮੀ. | 75 ਸੈਂ. ਮੀ. (ਵੱਧ) |
| 11. | ਭਿੰਡੀ (ਪੰਜਾਬ ਲਾਲਿਮਾ, ਪੰਜਾਬ ਸੁਹਾਵਣੀ) | ਫਰਵਰੀ | 100 ਗ੍ਰਾਮ | 8-10 ਕਿਲੋ | 15 ਸੈਂ. ਮੀ. | 45 ਸੈਂ. ਮੀ. (ਵੱਧ) |
| 12. | ਲੋਬੀਆ | ਫਰਵਰੀ-ਮਾਰਚ ਜੂਨ-ਜੁਲਾਈ | 60 ਗ੍ਰਾਮ | 10 ਕਿਲੋ | 15 ਸੈਂ. ਮੀ. | 45 ਸੈਂ. ਮੀ. |

ਬਾਗਬਾਨੀ ਵਿਭਾਗ, ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਪੈਦਾ ਕਰਨ ਉੱਤੇ ਬਹੁਤ ਜ਼ੋਰ ਦੇ ਰਹੇ ਹਨ, ਕਿਉਂਕਿ ਜੋ ਵਪਾਰਕ ਪੱਧਰ 'ਤੇ ਸਬਜ਼ੀਆਂ ਪੈਦਾ ਕਰਦੇ ਹਨ, ਉਹ ਸਬਜ਼ੀਆਂ ਉੱਤੇ ਜ਼ਹਿਰਾਂ ਦੀ ਵਰਤੋਂ ਜ਼ਿਆਦਾ ਕਰਦੇ ਹਨ। ਘਰੇਲੂ ਬਗੀਚੀ ਵਿੱਚ ਅਸੀਂ ਘੱਟ ਮਾਤਰਾ ਵਿੱਚ ਸਪਰੇਅ ਕਰਕੇ ਜਾਂ ਆਰਗੈਨਿਕ ਤਰੀਕੇ ਨਾਲ ਸਬਜ਼ੀਆਂ ਪੈਦਾ ਕਰ ਸਕਦੇ ਹਾਂ, ਜਿਸ ਨਾਲ ਸਾਨੂੰ ਆਰਥਿਕ ਤੌਰ ਤੇ ਲਾਭ ਹੋਵੇਗਾ ਅਤੇ ਡਾਕਟਰਾਂ ਦੀਆਂ ਦਵਾਈਆਂ ਤੋਂ ਬੱਚ ਸਕਦੇ ਹਾਂ। ਇਸ ਤੋਂ ਇਲਾਵਾ ਘਰ ਵਿੱਚ ਅਸੀਂ ਵਿਹਲੇ ਸਮੇਂ ਦੀ ਉਚਿੱਤ ਵਰਤੋਂ ਕਰ ਸਕਦੇ ਹਾਂ ਅਤੇ ਜਿਸ ਨਾਲ ਸਰੀਰ ਦੀ ਕਸਰਤ ਵੀ ਹੋ ਜਾਵੇਗੀ। ਨੈਸ਼ਨਲ ਇੰਨਸਟੀਚਿਊਟ ਆਫ ਨਿਊਟਰੀਸ਼ੀਅਨ, ਹੈਦਰਾਬਾਦ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਬਾਗਬਾਨੀ ਵਿਭਾਗ, ਪੰਜਾਬ ਅਤੇ ਪੀ. ਏ. ਯੂ. ਲੁਧਿਆਣਾ ਗਰਮੀ/ਸਰਦੀ ਦੀਆਂ ਮਿੰਨੀ ਕਿੱਟਾਂ ਬਹੁਤ ਹੀ ਵਾਜ਼ਬ ਰੇਟ 'ਤੇ ਸਪਲਾਈ ਕਰਦੇ ਹਨ, ਜਿਸ ਵਿੱਚ 8-10 ਤਰ੍ਹਾਂ ਦੇ ਬੀਜ ਹੁੰਦੇ ਹਨ। ਇਸ ਇੱਕ ਮਿੰਨੀ ਕਿੱਟ ਤੋਂ ਘਰ ਦੇ 4-5 ਪਰਿਵਾਰਕ ਮੈਂਬਰ ਸੀਜ਼ਨ ਦੌਰਾਨ ਸਬਜ਼ੀਆਂ ਦੀ ਵਰਤੋਂ ਕਰ ਸਕਦੇ ਹਨ।



ਵਧੀਆ ਕੁਆਲਟੀ ਦੀ ਸਬਜ਼ੀ ਪੈਦਾ ਕਰਨ ਲਈ 400 ਕਿਲੋਗ੍ਰਾਮ ਗਲੀ-ਸੜੀ ਰੂੜ੍ਹੀ ਦੀ ਖਾਦ/100 ਕਿਲੋਗ੍ਰਾਮ ਗੰਡੋਇਆਂ ਦੀ ਖਾਦ ਪ੍ਰਤੀ 25 ਵਰਗ ਮੀਟਰ ਵਰਤੋਂ ਕਰਨੀ ਚਾਹੀਦੀ ਹੈ। ਨਦੀਨਾਂ ਦੀ ਰੋਕਥਾਮ ਲਈ ਪਰਾਲੀ ਦੀ ਮਲਚਿੰਗ ਕੀਤੀ ਜਾ ਸਕਦੀ ਹੈ, ਜਿਸ ਨਾਲ ਸਬਜ਼ੀਆਂ ਨੂੰ ਪਾਣੀ ਦੇਣ ਦੀ ਵੀ ਘੱਟ ਲੋੜ ਪਵੇਗੀ। ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਹੇਠ ਲਿਖੇ ਅਨੁਸਾਰ ਉਪਾਅ ਕੀਤੇ ਜਾ ਸਕਦੇ ਹਨ :-

1. ਹੋ ਸਕੇ ਤਾਂ ਸਬਜ਼ੀਆਂ ਨੈਟ ਹਾਊਸ ਵਿੱਚ ਪੈਦਾ ਕੀਤੀਆਂ ਜਾਣ।

2. ਚਿੱਟੀ ਮੱਖੀ, ਥਰਿੱਪ ਅਤੇ ਹੋਰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ ਪੀਲੇ ਰੰਗ ਦੇ 6"×11" ਸਾਈਜ਼ ਦੇ ਸਟਿਕੀ ਬੈਡ ਪਲਾਟ ਵਿੱਚ ਲਗਾ ਦੇਣੇ ਚਾਹੀਦੇ ਹਨ।

3. ਵਾਇਰਸ ਦੀਆਂ ਬਿਮਾਰੀਆਂ ਤੋਂ ਬਚਾਅ ਲਈ 1 ਲੀਟਰ ਗਊ ਮੂਤਰ + 1 ਲੀਟਰ ਦੁੱਧ, 15 ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕੀਤਾ ਜਾ ਸਕਦਾ ਹੈ।

4. ਉੱਲੀ ਦੀਆਂ ਬਿਮਾਰੀਆਂ ਤੋਂ ਬਚਾਅ ਲਈ 4 ਦਿਨ ਪੁਰਾਣੀ 3 ਲੀਟਰ ਖੱਟੀ ਲੱਸੀ, 15 ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕੀਤੀ ਜਾ ਸਕਦੀ ਹੈ।

5. ਕੀੜੇ-ਮਕੌੜੇ ਤੋਂ ਬਚਾਅ ਲਈ 2 ਕਿਲੋ ਲੱਸਣ, 1 ਕਿਲੋ ਅਦਰਕ ਅਤੇ 1 ਕਿਲੋ ਹਰੀ ਮਿਰਚ ਪੀਸ ਕੇ ਅਤੇ ਕੱਪੜ ਛਾਣ ਕਰਕੇ 15 ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕਰੋ।

6. ਕੱਦੂ ਜਾਤੀ ਦੇ ਰੈਡ ਪੰਪਕਿਨ ਬੀਟਲ ਤੋਂ ਬਚਾਅ ਲਈ 1 ਕਿਲੋ ਸੁਆਹ 20 ਮਿਲੀਲੀਟਰ ਮਿੱਟੀ ਦੇ ਤੇਲ ਵਿੱਚ ਮਿਕਸ ਕਰਕੇ ਧੂੜ ਦਿਓ।

7. ਸਿਉਂਕ ਤੋਂ ਬਚਾਅ ਲਈ 20 ਗ੍ਰਾਮ ਹਿੰਗ ਦਾ ਟੁਕੜਾ ਕੱਪੜੇ ਵਿੱਚ ਲਪੇਟ ਕੇ ਪਾਣੀ ਵਾਲੀ ਖਾਲ ਵਿੱਚ ਰੱਖ ਦਿਓ।

8. ਹੋਰ ਕੀੜੇ-ਮਕੌੜਿਆਂ ਤੋਂ ਬਚਾਅ ਲਈ 1 ਕਿਲੋ ਨਿੰਮ ਦੇ ਪੱਤੇ 20 ਲੀਟਰ ਪਾਣੀ ਵਿੱਚ ਉਬਾਲ ਲਵੋ, ਫਿਰ ਪਾਣੀ ਠੰਡਾ ਹੋਣ ਤੇ 200 ਗ੍ਰਾਮ ਸ਼ੱਕਰ ਪਾ ਦਿਓ ਅਤੇ ਸਪਰੇਅ ਕਰੋ।

**ਘਰ ਦੀ ਛੱਤ 'ਤੇ ਸਬਜ਼ੀਆਂ ਦੀ ਕਾਸ਼ਤ** : ਜਿਹੜੇ ਵਿਅਕਤੀਆਂ ਕੋਲ ਘਰੇਲੂ ਬਗੀਚੀ ਲਈ ਜਗ੍ਹਾਂ/ਜ਼ਮੀਨ ਉਪਲੱਬਧ ਨਹੀਂ ਹੈ, ਉਹ ਘਰ ਦੀ ਛੱਤ ਉੱਤੇ HDPE ਦੇ ਕਨਟੇਨਰ/ਜਾਂ ਮਿੱਟੀ ਦੇ ਗਮਲੇ ਰੱਖ ਕੇ ਸਬਜ਼ੀਆਂ ਉਗਾ ਸਕਦੇ ਹਨ।

ਹੋਰ ਵਧੇਰੇ ਜਾਣਕਾਰੀ ਲਈ ਬਾਗਬਾਨੀ ਵਿਭਾਗ ਪੰਜਾਬ ਅਤੇ ਬਾਗਬਾਨੀ ਮਾਹਰਾਂ ਜਾਂ ਪੀ. ਏ. ਯੂ. ਲੁਧਿਆਣਾ ਦੇ ਸਬਜ਼ੀ ਵਿਗਿਆਨੀਆਂ ਨਾਲ ਸੰਪਰਕ ਕਰ ਸਕਦੇ ਹਨ।

ਫ਼ਸਲੀ ਵਿਭਿੰਨਤਾ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ

# ਸੂਰਜਮੁਖੀ ਦੀ ਕਾਸ਼ਤ

ਜਗਜੋਤ ਸਿੰਘ ਗਿੱਲ, ਮਨਿੰਦਰ ਸਿੰਘ,
ਫਾਰਮ ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ ਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਜਲੰਧਰ

ਪੰਜਾਬ ਵਿੱਚ ਸੂਰਜਮੁਖੀ ਦੀ ਕਾਸ਼ਤ ਇੱਕ ਤੇਲ ਬੀਜ ਫ਼ਸਲ ਵਜੋਂ ਕੀਤੀ ਜਾਂਦੀ ਹੈ, ਜਿਸ ਨਾਲ ਕਿਸਾਨਾਂ ਨੂੰ ਥੋੜ੍ਹੇ ਸਮੇਂ ਵਿੱਚ ਚੰਗਾ ਮੁਨਾਫ਼ਾ ਹੋ ਸਕਦਾ ਹੈ। ਸੂਰਜਮੁਖੀ ਬੀਜ ਵਿੱਚ ਲਗਭਗ 40% ਤੇਲ ਹੁੰਦਾ ਹੈ, ਜੋ ਫਿੱਕੇ ਰੰਗ ਦਾ ਤੇ ਵਧੀਆ ਸੁਆਦ ਵਾਲਾ ਹੁੰਦਾ ਹੈ। ਇਹ ਤੇਲ ਵਿਟਾਮਿਨ ਏ, ਈ ਅਤੇ ਕੇ ਦਾ ਵੀ ਚੰਗਾ ਸੋਮਾ ਹੈ। ਸੂਰਜਮੁਖੀ ਦੇ ਬੀਜ ਦੀ ਬਾਹਰੀ ਪਰਤ ਨੂੰ ਪਸ਼ੂਆਂ ਦੀ ਫੀਡ ਵਿੱਚ ਰਫੇਜ਼ ਵਜੋਂ ਵਰਤਿਆ ਜਾਂਦਾ ਹੈ। ਬਹਾਰ ਰੁੱਤ ਦਾ ਸਮਾਂ ਸੂਰਜਮੁਖੀ ਦੀ ਫ਼ਸਲ ਦੀ ਕਾਸ਼ਤ ਲਈ ਸਭ ਤੋਂ ਢੁੱਕਵਾਂ ਹੈ। ਇਸ ਰੁੱਤ ਵਿੱਚ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਬਣਾਉਣ ਲਈ ਫੁੱਲਾਂ 'ਤੇ ਆਉਣਾ-ਜਾਣਾ ਵਧਾ ਦਿੰਦੀਆਂ ਹਨ, ਇਸ ਨਾਲ ਸੂਰਜਮੁਖੀ ਦਾ ਵਧੇਰੇ ਬੀਜ ਬਣਨ ਵਿੱਚ ਸਹਾਇਤਾ ਮਿਲਦੀ ਹੈ। ਸੂਰਜਮੁਖੀ ਘੱਟ ਸਮੇਂ ਦੀ ਫ਼ਸਲ ਹੋਣ ਕਰਕੇ ਫ਼ਸਲੀ ਵਿਭਿੰਨਤਾ ਵਿੱਚ ਵੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ ਅਤੇ ਪੰਜਾਬ ਵਿੱਚ ਇਸ ਦੀ ਕਾਸ਼ਤ ਆਲੂ ਕਾਸ਼ਤ ਪੱਟੀ ਦੇ ਅਨੁਕੂਲ ਹੈ। ਪੰਜਾਬ ਵਿੱਚ ਸਾਲ 2023-24 ਦੇ ਦੌਰਾਨ ਸੂਰਜਮੁਖੀ ਦੀ ਕਾਸ਼ਤ 0.9 ਹਜ਼ਾਰ ਹੈਕਟੇਅਰ ਰਕਬੇ 'ਤੇ ਕੀਤੀ ਗਈ ਅਤੇ ਇਸ ਦਾ ਔਸਤ ਝਾੜ 8.18 ਕੁਇੰਟਲ ਪ੍ਰਤੀ ਏਕੜ ਰਿਹਾ। ਕਿਸਾਨਾਂ ਨੂੰ ਸੂਰਜਮੁਖੀ ਦੀ ਫ਼ਸਲ ਦੀ ਸਫ਼ਲ ਕਾਸ਼ਤ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ ਨੂੰ ਅਪਨਾਉਣਾ ਚਾਹੀਦਾ ਹੈ। ਕਿਸਾਨ ਆਪਣੇ ਸੰਬੰਧਿਤ ਜ਼ਿਲ੍ਹੇ ਵਿੱਚ ਯੂਨੀਵਰਸਿਟੀ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਵਿੱਚ ਮੌਜੂਦ ਵਿਗਿਆਨੀਆਂ ਨਾਲ ਵੀ ਸਲਾਹ ਕਰ ਸਕਦੇ ਹਨ।

**ਸੂਰਜਮੁਖੀ ਦੀਆਂ ਕਿਸਮਾਂ** : ਸੂਰਜਮੁਖੀ ਦੀ ਕਿਸਮ ਪੀਐਸਐਚ-2080 ਇੱਕ ਦੋਗਲੀ ਕਿਸਮ ਹੈ, ਜੋ ਪੱਕਣ ਲਈ ਤਕਰੀਬਨ 97 ਦਿਨ ਲੈਂਦੀ ਹੈ। ਇਸ ਦੇ ਬੂਟਿਆਂ ਦੀ ਉਚਾਈ ਤਕਰੀਬਨ 151 ਸੈਂਟੀਮੀਟਰ ਹੈ। ਇਸ ਦਾ ਔਸਤ ਝਾੜ 9.8 ਕੁਇੰਟਲ ਪ੍ਰਤੀ ਏਕੜ ਹੈ। ਪੀਐਸਐਚ-1962 ਕਿਸਮ 99 ਦਿਨਾਂ ਵਿੱਚ ਪੱਕਣ ਵਾਲੀ ਦੋਗਲੀ ਕਿਸਮ ਹੈ, ਜਿਸ ਦੇ ਬੂਟਿਆਂ ਦੀ ਉਚਾਈ ਤਕਰੀਬਨ 165 ਸੈਂਟੀਮੀਟਰ ਹੁੰਦੀ ਹੈ। ਇਸ ਦਾ ਔਸਤ ਝਾੜ 8.2 ਕੁਇੰਟਲ ਪ੍ਰਤੀ ਏਕੜ ਹੈ। ਡੀਕੇ-3849 ਇਹ ਵੀ ਦੋਗਲੀ ਕਿਸਮ ਹੈ, ਜੋ ਪੱਕਣ ਲਈ 102 ਦਿਨ ਲੈਂਦੀ ਹੈ। ਇਸ ਦੀ ਉਚਾਈ ਤਕਰੀਬਨ 172 ਸੈਂਟੀਮੀਟਰ ਹੈ ਤੇ ਇਹ 8.4 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ। ਪੀਐਸਐਚ-996 ਇਹ 96 ਦਿਨਾਂ ਵਿੱਚ ਪੱਕਣ ਵਾਲੀ ਦੋਗਲੀ ਕਿਸਮ ਹੈ। ਇਸ ਦੀ ਉਚਾਈ ਤਕਰੀਬਨ 141 ਸੈਂਟੀਮੀਟਰ ਹੈ। ਇਸ ਦਾ ਔਸਤ ਝਾੜ 7.8 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਤਿਆਰੀ** : ਖੇਤ ਨੂੰ ਤਿਆਰ ਕਰਨ ਲਈ ਇਸ ਨੂੰ ਦੋ-ਤਿੰਨ ਵਾਰ ਵਾਹੁਣ ਪਿੱਛੋਂ ਸੁਹਾਗਾ ਫੇਰਨਾ ਚਾਹੀਦਾ ਹੈ।

**ਬਿਜਾਈ ਦਾ ਸਮਾਂ** : ਸੂਰਜਮੁਖੀ ਦੀ ਫ਼ਸਲ ਤੋਂ ਵੱਧ ਝਾੜ ਲੈਣ ਲਈ ਬਿਜਾਈ ਜਨਵਰੀ ਮਹੀਨੇ ਦੇ ਅਖੀਰ ਵਿੱਚ ਕਰਨੀ ਚਾਹੀਦੀ ਹੈ। ਫਰਵਰੀ ਮਹੀਨੇ ਦੇ ਸ਼ੁਰੂਆਤੀ ਹਫ਼ਤੇ ਵਿੱਚ ਬਿਜਾਈ ਲਈ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੀਐਸਐਚ-2080, ਪੀਐਸਐਚ-1962 ਅਤੇ ਪੀਐਸਐਚ-996 ਨੂੰ ਚੁਣਨਾ ਚਾਹੀਦਾ ਹੈ। ਜੇਕਰ ਬਿਜਾਈ ਇਸ ਤੋਂ ਵੀ ਦੇਰ ਨਾਲ ਹੋਵੇ ਤਾਂ ਫ਼ਸਲ ਦੀ ਕਾਸ਼ਤ ਪਨੀਰੀ ਨਾਲ ਕਰਨੀ ਚਾਹੀਦੀ ਹੈ।

**ਬੀਜ ਦੀ ਮਾਤਰਾ** : ਜ਼ਿਆਦਾ ਝਾੜ ਲੈਣ ਲਈ 2 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਣਾ ਚਾਹੀਦਾ ਹੈ।

**ਬੀਜ ਦੀ ਸੋਧ** : ਬੀਜ ਨੂੰ ਬੀਜਣ ਤੋਂ ਪਹਿਲਾਂ 6 ਗ੍ਰਾਮ ਟੈਗਰਾਨ 35 ਡਬਲਯੂਐਸ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧਣਾ ਚਾਹੀਦਾ ਹੈ।

**ਜੀਵਾਣੂ ਖਾਦ ਦਾ ਟੀਕਾ ਲਾਉਣਾ** : ਸੂਰਜਮੁਖੀ ਦੀ ਫ਼ਸਲ ਲਈ ਲੋੜੀਂਦਾ ਇੱਕ ਏਕੜ ਦੇ ਬੀਜ ਨੂੰ ਸਾਫ਼ ਫਰਸ਼/ਪੋਲੀਥੀਨ ਸ਼ੀਟ 'ਤੇ ਵਿਛਾ ਕੇ ਘੱਟ-ਘੱਟ ਸਾਫ਼ ਪਾਣੀ ਨਾਲ ਗਿੱਲਾ ਕਰੋ ਅਤੇ 250 ਗ੍ਰਾਮ ਜੀਵਾਣੂ ਖਾਦ (ਬੇਸੀਲਸ ਉਰਿਅਸ ਐਸਐਲਈ-1 ਅਤੇ ਸੂਡੋਮੋਨਾਸ ਪੁਟੀਡਾ ਐਸਆਰਬੀ-1) ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾ ਕੇ ਛਾਵੇਂ ਸੁਕਾ ਲਓ ਅਤੇ ਜਿੰਨਾ ਛੇਤੀ ਹੋ ਸਕੇ ਬਿਜਾਈ ਕਰ ਲਓ। ਬੀਜ ਨੂੰ ਜੀਵਾਣੂ ਟੀਕਾ ਲਾਉਣ ਨਾਲ ਦਾਣਿਆਂ ਅਤੇ ਤੇਲ ਦੇ ਝਾੜ ਵਿੱਚ ਵਾਧਾ ਹੁੰਦਾ ਹੈ। ਜੀਵਾਣੂ ਖਾਦਾਂ ਦਾ ਇਹ ਟੀਕਾ ਪੀ. ਏ. ਯੂ. ਲੁਧਿਆਣਾ ਦੇ ਗੇਟ ਨੰਬਰ-1 ਦੀ ਬੀਜਾਂ ਦੀ ਦੁਕਾਨ ਅਤੇ ਵੱਖ-ਵੱਖਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰਾਂ/ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ।

**ਬਿਜਾਈ ਦਾ ਢੰਗ** : ਸੂਰਜਮੁਖੀ ਨੂੰ 60 ਸੈਂਟੀਮੀਟਰ ਦੂਰੀ ਅਤੇ ਕਤਾਰਾਂ ਵਿੱਚ ਬੂਟੇ ਤੋਂ ਬੂਟੇ ਦਾ ਫ਼ਾਸਲਾ 30 ਸੈਂਟੀਮੀਟਰ ਰੱਖ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ। ਵੱਧ ਝਾੜ ਲੈਣ ਲਈ ਬੀਜ ਨੂੰ ਪੂਰਬ-ਪੱਛਮ ਦਿਸ਼ਾ ਵਿੱਚ ਬਣਾਈਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਵੱਟ ਦੇ ਸਿਰੇ ਤੋਂ 6-8 ਸੈਂਟੀਮੀਟਰ ਹੇਠਾਂ ਬੀਜਣਾ ਚਾਹੀਦਾ ਹੈ।

**ਪਨੀਰੀ ਰਾਹੀਂ ਕਾਸ਼ਤ** : ਇੱਕ ਏਕੜ ਦੀ ਪਨੀਰੀ ਨੂੰ ਤਿਆਰ ਕਰਨ ਲਈ 30 ਵਰਗ ਮੀਟਰ ਜ਼ਮੀਨ ਕਾਫ਼ੀ ਹੈ। ਇਸ ਸਵਾ ਮਰਲੇ (30 ਵਰਗ ਮੀਟਰ) ਦੇ ਕਿਆਰੇ ਵਿੱਚ ਅੱਧਾ ਕਿਲੋ ਯੂਰੀਆ ਅਤੇ 1.5 ਕਿਲੋ ਸੁਪਰਫਾਸਫੇਟ ਰਲਾ ਦਿਓ। ਬਿਜਾਈ ਲਈ 1.5 ਕਿਲੋ ਬੀਜ ਨੂੰ ਬੀਜਣ ਤੋਂ ਬਾਅਦ ਗਲੀ-ਸੜੀ ਦੇਸੀ ਰੂੜੀ ਦੀ ਪਤਲੀ ਤਹਿ ਨਾਲ ਢੱਕ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਹਲਕਾ ਪਾਣੀ ਦਿਓ ਤੇ ਪਨੀਰੀ ਵਾਲੇ ਕਿਆਰੇ ਨੂੰ ਪਾਰਦਰਸ਼ੀ ਪਲਾਸਟਿਕ ਦੀ ਚਾਦਰ ਨਾਲ ਸੋਟੀਆਂ ਦਾ ਸਹਾਰਾ ਦੇ ਕੇ ਸੁਰੰਗ ਵਾਂਗ ਢੱਕ ਦੇਣਾ ਚਾਹੀਦਾ ਹੈ। ਬੀਜ ਦੇ ਬਾਹਰ ਆ ਜਾਣ ਤੋਂ ਬਾਅਦ ਪਲਾਸਟਿਕ ਚਾਦਰ ਨੂੰ ਲਾਹ ਦਿਓ। ਜਦੋਂ ਬੂਟੇ ਦੇ ਚਾਰ ਪੱਤੇ ਨਿਕਲ ਆਉਣ ਤਾਂ ਪਨੀਰੀ ਪੁੱਟਣ ਲਈ ਤਿਆਰ ਹੋ ਜਾਂਦੀ ਹੈ। ਪਨੀਰੀ ਪੁੱਟਣ ਤੋਂ ਪਹਿਲਾਂ ਪਾਣੀ ਲਾ ਦਿਓ। ਪਨੀਰੀ ਨੂੰ ਖੇਤ ਵਿੱਚ 60 ਸੈਂਟੀਮੀਟਰ ਦੂਰ ਕਤਾਰਾਂ ਵਿੱਚ 30 ਸੈਂਟੀਮੀਟਰ ਦੇਫ਼ਾਸਲੇ 'ਤੇ ਲਾ ਕੇ ਪਾਣੀ ਲਾਉਣਾ ਚਾਹੀਦਾ ਹੈ।



**ਖਾਦਾਂ** : ਖਾਦਾਂ ਦੀ ਵਰਤੋਂ ਮਿੱਟੀ ਪਰਖ ਰਿਪੋਰਟ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਸੂਰਜਮੁਖੀ ਨੂੰ 50 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਪਾਓ। ਜੇਕਰ ਜ਼ਮੀਨ ਹਲਕੀ ਸ਼੍ਰੇਣੀ ਦੀ ਹੋਵੇ ਤਾਂ 50 ਕਿਲੋ ਯੂਰੀਆ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡ ਕੇ ਪਹਿਲਾ ਹਿੱਸਾ ਬਿਜਾਈ ਸਮੇਂ ਅਤੇ ਦੂਸਰਾ ਹਿੱਸਾ ਬਿਜਾਈ ਤੋਂ 30 ਦਿਨਾਂ ਬਾਅਦ ਪਾਓ। ਫਾਸਫੋਰਸ ਤੱਤ ਲਈ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਮੌਕੇ ਡਰਿੱਲ ਕਰ ਦਿਓ। ਜੇਕਰ ਮਿੱਟੀ ਪਰਖ ਮੁਤਾਬਕ ਪੋਟਾਸ਼ ਦੀ ਘਾਟ ਹੋਵੇ ਤਾਂ 20 ਕਿਲੋ ਮਿਊਰੇਟ ਆਫ ਪੋਟਾਸ਼ ਵੀ ਡਰਿੱਲ ਕਰ ਦਿਓ। ਹੁਸ਼ਿਆਰਪੁਰ, ਰੂਪਨਗਰ ਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੋਟਾਸ਼ ਤੱਤ ਲਈ 40 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ।

ਤੋਰੀਆ ਤੋਂ ਬਾਅਦ ਬੀਜੀ ਸੂਰਜਮੁਖੀ ਦੀ ਫ਼ਸਲ ਨੂੰ 10 ਟਨ ਗਲੀ-ਸੜੀ ਰੂੜੀ ਪ੍ਰਤੀ ਏਕੜ ਜ਼ਰੂਰ ਪਾਉਣੀ ਚਾਹੀਦੀ ਹੈ। ਜੇਕਰ ਸੂਰਜਮੁਖੀ ਦੀ ਕਾਸ਼ਤ ਆਲੂਆਂ ਦੀ ਫ਼ਸਲ ਤੋਂ ਬਾਅਦ ਕਰਨੀ ਹੋਵੇ ਜਿਸ ਨੂੰ 20 ਟਨ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਹੋਵੇ ਤਾਂ ਸੂਰਜਮੁਖੀ ਦੀ ਫ਼ਸਲ ਨੂੰ 25 ਕਿਲੋ ਯੂਰੀਆ ਪ੍ਰਤੀ ਏਕੜ ਹੀ ਪਾਉਣਾ ਚਾਹੀਦਾ ਹੈ।

**ਸਿੰਜਾਈ** : ਸੂਰਜਮੁਖੀ ਦੀ ਫ਼ਸਲ ਨੂੰ 6 ਤੋਂ 9 ਸਿੰਜਾਈਆਂ ਦੀ ਲੋੜ ਪੈਂਦੀ ਹੈ। ਜੇਕਰ ਬਿਜਾਈ ਪੱਧਰੀ ਹੋਵੇ ਤਾਂ ਪਹਿਲੀ ਸਿੰਜਾਈ ਬਿਜਾਈ ਤੋਂ ਇੱਕ ਮਹੀਨੇ ਬਾਅਦ ਕਰਨੀ ਚਾਹੀਦੀ ਹੈ ਅਤੇ ਅਗਲੀਆਂ ਸਿੰਜਾਈਆਂ 2 ਤੋਂ 3 ਹਫ਼ਤੇ ਦੇ ਵਕਫ਼ੇ 'ਤੇ ਕਰਨੀਆਂ ਚਾਹੀਦੀਆਂ ਹਨ। ਸਿੰਜਾਈਆਂ ਵਿੱਚ ਵਕਫ਼ਾ ਤਾਪਮਾਨ ਦੇ ਹਿਸਾਬ ਨਾਲ ਬਦਲ ਦਿਓ। ਮਾਰਚ ਦੇ ਮਹੀਨੇ ਸਿੰਜਾਈ 2 ਹਫ਼ਤੇ ਦੇ ਵਕਫ਼ੇ 'ਤੇ ਅਤੇ ਅਪ੍ਰੈਲ-ਮਈ ਵਿੱਚ 8-10 ਦਿਨਾਂ ਦੇ ਵਕਫ਼ੇ 'ਤੇ ਕਰੋ।

**ਮਿੱਟੀ ਚੜ੍ਹਾਉਣਾ** : ਸੂਰਜਮੁਖੀ ਦੀ ਫ਼ਸਲ ਨੂੰ 60-70 ਸੈਂਟੀਮੀਟਰ ਉੱਚੀ ਹੋਣ 'ਤੇ ਫੁੱਲ ਨਿਕਲਣ ਤੋਂ ਪਹਿਲਾਂ ਡਿੱਗਣ ਤੋਂ ਬਚਾਉਣ ਲਈ ਬੂਟਿਆਂ ਦੇ ਨਾਲ ਮਿੱਟੀ ਚੜ੍ਹਾਉਣੀ ਚਾਹੀਦੀ ਹੈ।

**ਨਦੀਨਾਂ ਦੀ ਰੋਕਥਾਮ** : ਸੂਰਜਮੁਖੀ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰਨੀ ਚਾਹੀਦੀ ਹੈ। ਪਹਿਲੀ ਗੋਡੀ ਫ਼ਸਲ ਉੱਗਣ ਤੋਂ 2-3 ਹਫ਼ਤੇ ਬਾਅਦ ਅਤੇ ਦੂਜੀ ਗੋਡੀ ਉਸ ਤੋਂ 3 ਹਫ਼ਤੇ ਬਾਅਦ ਕਰੋ।

**ਕਟਾਈ** : ਸੂਰਜਮੁਖੀ ਦੀ ਫ਼ਸਲ ਦੀ ਕਟਾਈ ਸਿਰਾਂ ਦੇ ਹੇਠਲੇ ਪਾਸੇ ਦਾ ਰੰਗ ਪੀਲਾ ਭੂਰਾ ਹੋਣ ਅਤੇ ਡਿਸਕ ਸੁੱਕਣ ਦੇ ਸ਼ੁਰੂ ਹੋਣ 'ਤੇ ਕਰ ਦੇਣੀ ਚਾਹੀਦੀ ਹੈ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 500 ਰੁਪਏ
ਦੋ ਸਾਲ 800 ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਪੰਜਾਬੀਆਂ ਨੂੰ ਵੱਧ ਅਧਿਕਾਰ, 'ਰੰਗਲੇ ਪੰਜਾਬ' ਵੱਲ ਵਧਦੇ ਕਦਮ

ਭਾਰਤ, ਅੱਜ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਗਣਰਾਜ ਹੋਣ 'ਤੇ ਮਾਣ ਮਹਿਸੂਸ ਕਰਦਾ ਹੈ। ਆਜਾਦੀ ਲਈ ਲੜੇ ਗਏ ਲੰਮੇ ਅਤੇ ਬੇਮਿਸਾਲ ਸੰਘਰਸ਼ ਅਤੇ ਉਸ ਤੋਂ ਬਾਅਦ 26 ਜਨਵਰੀ, 1950 ਵਿੱਚ ਵਿਲੱਖਣ ਸੰਵਿਧਾਨ ਅਪਨਾਉਣ ਨਾਲ ਦੇਸ਼ ਸਹੀ ਮਾਅਨਿਆਂ ਵਿੱਚ ਗਣਰਾਜ ਬਣਿਆ।

ਅੱਜ ਦਾ ਇਹ ਦਿਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਾਡਾ ਸੰਵਿਧਾਨ 26 ਜਨਵਰੀ, 1950 ਨੂੰ ਮਹਾਨ ਕੌਮੀ ਨੇਤਾਵਾਂ ਅਤੇ ਸਤਿਕਾਰਤ ਸ਼ਖਸੀਅਤਾਂ ਦੇ ਨਿਰੰਤਰ ਯਤਨਾਂ ਤੋਂ ਬਾਅਦ ਲਾਗੂ ਹੋਇਆ ਸੀ। ਸਾਡਾ ਸੰਵਿਧਾਨ ਬਰਾਬਰੀ ਵਾਲੇ ਸਮਾਜ ਵਿੱਚ ਖੁਸਹਾਲ ਜੀਵਨ ਦੇ ਮਹੱਤਵ ਨੂੰ ਦਰਸਾਉਂਦਾ ਹੈ ਅਤੇ ਇਹ ਨਿਆਂ, ਆਜਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਮੁੱਖ ਸਿਧਾਂਤਾਂ ਨੂੰ ਸਥਾਪਤ ਕਰਦਾ ਹੈ। ਸਾਡੇ ਪਵਿੱਤਰ ਸੰਵਿਧਾਨ ਨੂੰ ਅਮਲੀ ਰੂਪ ਦੇਣ ਵਾਲਿਆਂ ਨੇ ਸਾਨੂੰ ਸੰਸਦੀ ਲੋਕਤੰਤਰ ਦਿੱਤਾ ਹੈ ਜਿਸ ਦਾ ਉਦੇਸ ਸਮਾਜਿਕ ਤਰੱਕੀ ਅਤੇ ਸਾਰਿਆਂ ਲਈ ਚੰਗੇ ਜੀਵਨ ਦੇ ਨਾਲ-ਨਾਲ ਰੋਜੀ-ਰੋਟੀ ਦੇ ਇਕੋ ਜਿਹੇ ਮੌਕੇ ਪ੍ਰਦਾਨ ਕਰਨਾ ਹੈ।

ਸੰਵਿਧਾਨ ਸਭਾ ਨੇ ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਕਿ ਭਾਰਤ ਸੱਭਿਆਚਾਰਕ, ਧਰਮਾਂ, ਭਾਸਾਈ ਅਤੇ ਖੇਤਰੀ ਵਿਭਿੰਨਤਾ ਦੇ ਤੌਰ 'ਤੇ ਅਮੀਰ ਵਿਰਾਸਤ ਵਾਲਾ ਦੇਸ ਹੈ। ਅਜਿਹੇ ਵਿਭਿੰਨ ਦੇਸ ਨੂੰ ਇਕ ਅਜਿਹੇ ਸੰਵਿਧਾਨ ਦੀ ਲੋੜ ਸੀ ਜੋ ਸੱਚਮੁੱਚ ਇਸ ਵਿਭਿੰਨਤਾ ਪ੍ਰਤੀ ਡੂੰਘੇ ਅਦਬ ਤੇ ਸਤਿਕਾਰ ਨੂੰ ਦਰਸਾਉਂਦਾ ਹੋਵੇ। ਬਾਲਗ ਵੋਟ ਦੇ ਅਧਿਕਾਰ ਦਾ ਮੂਲ ਸਿਧਾਂਤ ਹੋਵੇ ਜਿਸ ਦਾ ਅਧਾਰ ਸੰਵਿਧਾਨ ਦੀ ਬੁਨਿਆਦ ਹੈ। ਇਹ ਸਾਡੇ ਸਾਰਿਆਂ ਲਈ ਸੱਚਮੁੱਚ ਮਾਣ ਦਾ ਪਲ ਸੀ ਕਿਉਂਕਿ ਸਾਨੂੰ ਆਪਣੀ ਵੋਟ ਦੀ ਵਰਤੋਂ ਕਰਨ ਦੀ ਸਕਤੀ ਮਿਲੀ। 'ਲੋਕਾਂ ਦੀ ਸਰਕਾਰ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਚੁਣੇ ਜਾਣ ਦੇ ਸੰਕਲਪ ਨਾਲ ਸਾਡੇ ਪੁਰਖਿਆਂ ਦੀਆਂ ਸੱਧਰਾਂ ਅਤੇ ਇਛਾਵਾਂ ਪੂਰੀਆਂ ਹੁੰਦੀਆਂ ਹਨ। ਲਗਭਗ 75 ਸਾਲਾਂ ਦੌਰਾਨ ਹਰ ਬੀਤਦੇ ਦਿਨ ਦੇ ਨਾਲ ਦੇਸ ਵਿੱਚ ਲੋਕਤੰਤਰੀ ਗਣਰਾਜ ਦੀਆਂ ਵਿਸ਼ੇਸ਼ਤਾਵਾਂ ਨੂੰ ਮਜਬੂਤੀ ਮਿਲੀ ਹੈ ਕਿਉਂਕਿ ਦੇਸ ਵਾਸੀਆਂ ਨੇ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਅਟੱਲ ਵਿਸਵਾਸ ਪ੍ਰਗਟ ਕੀਤਾ ਅਤੇ ਬਿਨਾਂ ਕਿਸੇ ਡਰ ਦੇ 'ਮਤਦਾਨ' ਦੇ ਹੱਕ ਵਿੱਚ ਸਪੱਸਟ ਫੈਸਲਾ ਦਿੱਤਾ।

ਭਾਰਤ ਦੀ ਆਜਾਦੀ ਦੀ ਲਹਿਰ ਦੀ ਅਗਵਾਈ ਕੁਝ ਮਹਾਨ ਲੋਕਾਂ ਨੇ ਕੀਤੀ ਸੀ ਜੋ ਧਰਮ ਨਿਰਪੱਖ ਜਮਹੂਰੀਅਤ ਦੇ ਦਿਲੋਂ ਧਾਰਨੀ ਸਨ। ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ ਨਹਿਰੂ, ਡਾ. ਬੀ.ਆਰ. ਅੰਬੇਡਕਰ, ਸਹੀਦ-ਏ-ਆਜਮ ਸਰਦਾਰ ਭਗਤ ਸਿੰਘ, ਸਹੀਦ ਰਾਜਗੁਰੂ, ਸਹੀਦ ਸੁਖਦੇਵ, ਸਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਸ਼ਖਸੀਅਤਾਂ ਦਾ ਮਹਾਨ ਯੋਗਦਾਨ ਹੈ। ਸਾਡੇ ਸਾਰਿਆਂ ਲਈ ਬਹੁਤ ਮਾਣ ਅਤੇ ਸੰਤੁਸਟੀ ਦੀ ਗੱਲ ਹੈ ਕਿ ਪੰਜਾਬੀਆਂ ਨੂੰ ਸਾਡੇ ਮਹਾਨ ਸਿੱਖ ਗੁਰੂ ਸਾਹਿਬਾਨ ਪਾਸੋਂ ਆਪਾ ਵਾਰਨ ਅਤੇ ਦੇਸ ਭਗਤੀ ਦੀ ਅਦੁੱਤੀ ਭਾਵਨਾ ਵਿਰਾਸਤ ਵਿੱਚ ਮਿਲੀ ਹੈ ਜਿਨ੍ਹਾਂ ਨੇ ਸਾਨੂੰ ਜਬਰ-ਜੁਲਮ ਅਤੇ ਬੇਇਨਸਾਫੀ ਵਿਰੁੱਧ ਲੜਨਾ ਸਿਖਾਇਆ ਹੈ। ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਭਾਰਤੀ ਗਣਰਾਜ ਦਾ ਸਾਡੇ ਮਹਾਨ ਪੁਰਖਿਆਂ ਦੁਆਰਾ ਦੇਖਿਆ ਗਿਆ ਸੁਪਨਾ ਦੇਸ ਵਾਸੀਆਂ ਅਤੇ ਆਮ ਤੌਰ 'ਤੇ ਪੰਜਾਬੀਆਂ ਦੁਆਰਾ ਸਕਤੀਸਾਲੀ ਬਰਤਾਨਵੀ ਸਾਮਰਾਜ ਵਿਰੁੱਧ ਲੜਾਈ ਦੌਰਾਨ ਦਿੱਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਕਾਰਨ ਪੂਰਾ ਹੋਇਆ।

ਕੌਮੀ ਆਜਾਦੀ ਸੰਘਰਸ਼ ਲੜਦਿਆਂ ਪੰਜਾਬੀਆਂ ਦੁਆਰਾ ਦਿੱਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਨੂੰ ਕੋਈ ਕਦੇ ਨਹੀਂ ਭੁੱਲ ਸਕਦਾ। ਦੇਸ ਅੱਜ ਹਜਾਰਾਂ ਗੁੰਮਨਾਮ ਨਾਇਕਾਂ, ਖਾਸ ਕਰਕੇ ਪੰਜਾਬ ਦੇ ਬਹਾਦਰ ਪੁੱਤਰਾਂ ਦੁਆਰਾ ਨਿਭਾਈ ਗਈ ਸਾਨਦਾਰ ਭੂਮਿਕਾ ਨੂੰ ਮਾਣ ਨਾਲ ਯਾਦ ਕਰਦਾ ਹੈ ਜੋ ਨਾ ਸਿਰਫ ਕੌਮੀ ਅੰਦੋਲਨ ਦੇ ਮੋਹਰੀ ਰਹੇ ਸਗੋਂ ਉਨ੍ਹਾਂ ਦੇ ਦਲੇਰਾਨਾ ਕਾਰਨਾਮਿਆਂ ਨੇ ਹੋਰ ਲੱਖਾਂ ਲੋਕਾਂ ਨੂੰ 'ਆਜਾਦੀ ਦੀ ਜੰਗ' ਦੀ ਮਿਸ਼ਾਲ ਬਾਲਣ ਲਈ ਪ੍ਰੇਰਿਤ ਵੀ ਕੀਤਾ। ਦੇਸ ਦੀ ਆਬਾਦੀ ਦਾ ਸਿਰਫ ਦੋ ਪ੍ਰਤੀਸਤ ਹੋਣ ਦੇ ਬਾਵਜੂਦ, ਆਜਾਦੀ ਸੰਗਰਾਮ ਦੌਰਾਨ ਫਾਂਸੀ ਦਿੱਤੇ ਗਏ ਜਾਂ ਜਲਾਵਤਨ ਕੀਤੇ ਗਏ ਸਹੀਦਾਂ ਵਿੱਚੋਂ 80 ਫੀਸਦੀ ਪੰਜਾਬੀ ਸਨ।

ਕੂਕਾ ਲਹਿਰ, ਗਦਰ ਲਹਿਰ, ਕਿਸਾਨ ਅੰਦੋਲਨ ਅਤੇ ਹੋਰ ਭਾਰਤੀ ਆਜਾਦੀ ਲਹਿਰਾਂ ਦੇ ਨਾਲ-ਨਾਲ ਪੰਜਾਬ ਨੇ ਲਾਲਾ ਲਾਜਪਤ ਰਾਏ ਤੇ ਦੀਵਾਨ ਸਿੰਘ ਕਾਲੇਪਾਣੀ ਵਰਗੇ ਧਰਤੀ ਦੇ ਸੂਰਬੀਰ ਪੁੱਤਰ ਪੈਦਾ ਕੀਤੇ ਜਿਨ੍ਹਾਂ ਨੇ ਦੇਸ ਨੂੰ ਬਰਤਾਨਵੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਸਹੀਦ ਭਗਤ ਸਿੰਘ, ਸਹੀਦ ਰਾਜਗੁਰੂ, ਸਹੀਦ ਸੁਖਦੇਵ, ਸਹੀਦ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਬਹਾਦਰੀ ਭਰੇ ਕਾਰਨਾਮਿਆਂ ਨੇ ਦੇਸ਼ ਵਾਸੀਆਂ ਨੂੰ ਅੰਗਰੇਜ਼ ਹਕੂਮਤ ਵਿਰੁੱਧ ਝੰਡਾ ਚੁੱਕਣ ਲਈ ਪ੍ਰੇਰਿਤ ਕਰਕੇ ਆਜ਼ਾਦੀ ਅੰਦੋਲਨ ਅੰਦਰ



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਨਵਾਂ ਜੋਸ਼ ਭਰ ਦਿੱਤਾ ਸੀ। ਜਲ੍ਹਿਆਂਵਾਲਾ ਬਾਗ ਦੇ ਸਾਕੇ ਦੌਰਾਨ ਨਿਰਦੋਸ ਲੋਕਾਂ ਨੂੰ ਬੇਰਹਿਮੀ ਨਾਲ ਮਾਰਨਾ ਬਰਤਾਨਵੀ ਸਾਸਨ ਦੇ ਕਫਨ ਵਿੱਚ ਆਖਰੀ ਕਿੱਲ ਸਾਬਤ ਹੋਇਆ।

ਇਸੇ ਤਰ੍ਹਾਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੇ ਦੇਸ ਦੀ ਪ੍ਰਭੂਸੱਤਾ ਨੂੰ ਖਤਰੇ ਵਿੱਚ ਪਾਉਣ ਦੇ ਹਰ ਮਨਸੂਬੇ ਨੂੰ ਅਸਫਲ ਕਰ ਦਿੱਤਾ। ਸਾਲ 1947, 1962, 1965, 1971 ਅਤੇ ਫਿਰ ਕਾਰਗਿਲ ਯੁੱਧ ਵਿੱਚ ਦੇਸ ਦੀ ਸੁਰੱਖਿਆ ਕਰਨ ਤੋਂ ਇਲਾਵਾ, ਸਾਡੇ ਬਹਾਦਰ ਦੇਸ ਭਗਤਾਂ ਨੇ ਦੇਸ ਦੀ ਆਨ-ਸਾਨ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਹਾਲ ਹੀ ਵਿੱਚ ਸਾਡੀਆਂ ਬਹਾਦਰ ਫੌਜਾਂ ਨੇ ਸਰਹੱਦ 'ਤੇ ਵਧਦੇ ਤਣਾਅ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਜੋ ਕਿ ਸਪੱਸਟ ਤੌਰ 'ਤੇ ਰਾਸਟਰੀ ਪ੍ਰਭੂਸੱਤਾ 'ਤੇ ਹਮਲਾ ਸੀ। ਸਾਡੇ ਬਹਾਦਰ ਸੈਨਿਕਾਂ ਨੇ ਸਰਹੱਦ ਪਾਰੋਂ ਦੇਸ ਵਿਰੋਧੀ ਤੱਤਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਇਸੇ ਤਰ੍ਹਾਂ ਅਮਨ-ਸਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਾਡੇ ਦੇਸ ਨੂੰ ਅੰਦਰੂਨੀ ਖਤਰਿਆਂ ਤੋਂ ਬਚਾਉਣ ਲਈ ਕਈ ਹੋਰ ਕਾਰਵਾਈਆਂ ਵਿੱਚ ਪੰਜਾਬੀ ਹਮੇਸਾ ਮੋਹਰੀ ਰਹੇ ਹਨ। ਇਸ ਤੋਂ ਇਲਾਵਾ ਦੇਸ ਦੀ ਖੁਸਹਾਲੀ ਅਤੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਦੇਸ ਦੀਆਂ ਸਰਹੱਦਾਂ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਵਿੱਚ ਪੰਜਾਬੀ ਸਦਾ ਮੋਹਰੀ ਰਹੇ ਹਨ।

ਸੰਕਟ ਦੇ ਸਮੇਂ ਦੌਰਾਨ ਵੀ ਅਸੀਂ ਬਹਾਦਰ ਪੰਜਾਬੀਆਂ ਨੇ ਕਦੇ ਵੀ ਆਪਣੇ ਹੌਂਸਲੇ ਨੂੰ ਢਾਹ ਨਹੀਂ ਲੱਗਣ ਦਿੱਤੀ। ਇਸ ਦੇ ਉਲਟ ਉਨ੍ਹਾਂ ਨੇ ਦੇਸ ਦੇ ਸੰਵਿਧਾਨ ਵਿੱਚ ਪੂਰਾ ਵਿਸਵਾਸ ਰੱਖ ਕੇ ਲੋਕਤੰਤਰ ਦੇ ਸਿਧਾਂਤਾਂ ਨੂੰ ਮਜਬੂਤ ਕੀਤਾ ਹੈ। ਸਾਡੇ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ ਸੂਬੇ ਦੇ ਕਿਸਾਨਾਂ ਨੇ ਦੇਸ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਲਈ ਆਪਣਾ ਪਸੀਨਾ ਵਹਾਇਆ ਅਤੇ ਸਖਤ ਮਿਹਨਤ ਕੀਤੀ। ਇਸ ਦੀ ਖਾਤਰ ਸੂਬਾ ਦੇ ਬੇਸ਼ਕੀਮਤੀ ਕੁਦਰਤੀ ਸਰੋਤਾਂ ਪਾਣੀ ਅਤੇ ਮਿੱਟੀ ਦੀ ਉਪਜਾਊ ਸਕਤੀ ਨੂੰ ਵੀ ਕੁਰਬਾਨ ਕਰ ਦਿੱਤਾ।

ਹਾਲਾਂਕਿ, ਇਕ ਗਣਰਾਜ ਦੇ ਰੂਪ ਵਿੱਚ ਅਸੀਂ ਵੱਖ-ਵੱਖ ਚੁਣੌਤੀਆਂ ਹੋਣ ਦੇ ਬਾਵਜੂਦ ਸਫਲਤਾ ਨਾਲ ਕਈ ਮੀਲ ਪੱਥਰ ਕਾਇਮ ਕੀਤੇ ਹਨ ਪਰ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਸੰਵਿਧਾਨ ਦੇ ਨਿਰਮਾਤਾਵਾਂ ਦੇ ਸੁਪਨੇ ਅਜੇ ਵੀ ਸਾਕਾਰ ਹੋਣੇ ਬਾਕੀ ਹਨ ਕਿਉਂਕਿ ਸਾਡੇ ਜ਼ਿਆਦਾਤਰ ਦੇਸ ਵਾਸੀ ਗਰੀਬੀ, ਅਨਪੜ੍ਹਤਾ, ਬੇਰੁਜਗਾਰੀ ਅਤੇ ਭੁੱਖਮਰੀ ਦੀਆਂ ਅਲਾਮਤਾਂ ਨਾਲ ਜੂਝ ਰਹੇ ਹਨ। ਸੱਤ ਦਹਾਕਿਆਂ ਤੋਂ ਵੱਧ ਯੋਜਨਾਬੱਧ ਵਿਕਾਸ ਦੇ ਬਾਵਜੂਦ ਅਸੀਂ ਆਪਣੇ ਲੋਕਾਂ ਨੂੰ ਬੁਨਿਆਦੀ ਸੇਵਾਵਾਂ ਯਕੀਨੀ ਬਣਾਉਣ ਦੇ ਯੋਗ ਨਹੀਂ ਹੋਏ ਹਾਂ ਕਿਉਂਕਿ ਸੂਬਿਆਂ ਅਤੇ ਲੋਕਾਂ ਵਿਚਕਾਰ ਅਸਮਾਨਤਾਵਾਂ ਵਧਦੀਆਂ ਜਾ ਰਹੀਆਂ ਹਨ।

ਸਾਡੀ ਪੇਂਡੂ ਵਸੋਂ ਦਾ ਵੱਡਾ ਹਿੱਸਾ ਅਤੇ ਇੱਥੋਂ ਤੱਕ ਕਿ ਸਹਿਰੀ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਅਜੇ ਵੀ ਵਿਕਾਸ ਦੇ ਸਫਰ ਦਾ ਹਿੱਸਾ ਨਹੀਂ ਬਣ ਸਕੇ। ਪਿਛਲੇ ਚਾਰ ਸਾਲਾਂ ਤੋਂ ਸਾਡੀ ਸਰਕਾਰ ਸੰਵਿਧਾਨ ਦੇ ਨਿਰਮਾਤਾਵਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਗਰੀਬੀ, ਅਨਪੜ੍ਹਤਾ, ਬੇਰੁਜਗਾਰੀ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਬਣਾਇਆ ਜਾ ਸਕੇ। ਅਸੀਂ ਆਪਣੇ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਨਕਸੇ-ਕਦਮਾਂ 'ਤੇ ਚੱਲ ਰਹੇ ਹਾਂ ਤਾਂ ਜੋ ਹਰ ਕੀਮਤ 'ਤੇ ਸੂਬੇ ਵਿੱਚ ਫਿਰਕੂ ਸਦਭਾਵਨਾ, ਸਾਂਤੀ ਅਤੇ ਸਦਭਾਵਨਾ ਬਣਾਈ ਰੱਖੀ ਜਾ ਸਕੇ ਅਤੇ ਪੰਜਾਬ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਲਿਜਾਇਆ ਜਾ ਸਕੇ। ਸੂਬੇ ਵਿੱਚ ਬੇਮਿਸਾਲ ਵਿਕਾਸ ਦੇ ਯੁੱਗ ਦਾ ਐਲਾਨ ਕਰਨ ਅਤੇ ਪੰਜਾਬ ਨੂੰ ਵਿਕਾਸ ਦੇ ਤੇਜ ਰਾਹ 'ਤੇ ਲਿਆਉਣ ਲਈ ਸਾਡੀ ਸਰਕਾਰ ਨੇ ਇਸ ਨੂੰ ਦੇਸ ਦੇ ਨਕਸੇ 'ਤੇ ਮੋਹਰੀ ਸੂਬਾ ਬਣਾਉਣ ਲਈ ਦਲੇਰਾਨਾ ਪਹਿਲਕਦਮੀਆਂ ਕੀਤੀਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ:

**ਮੁੱਖ ਮੰਤਰੀ ਸਿਹਤ ਯੋਜਨਾ**

ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸੁਰੂ ਕੀਤੀ ਹੈ ਜੋ ਦੇਸ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ। ਇਹ ਬਹੁਤ ਮਾਣ ਅਤੇ ਸੰਤੁਸਟੀ ਦੀ ਗੱਲ ਹੈ ਕਿ ਅਜਿਹੀ ਸਿਹਤ ਸੰਭਾਲ ਸੇਵਾਵਾਂ ਦੇਣ ਵਾਲਾ ਪੰਜਾਬ ਪਹਿਲਾ ਭਾਰਤੀ ਸੂਬਾ ਹੈ ਜਿਸ ਨਾਲ ਲੋਕਾਂ 'ਤੇ ਵਿੱਤੀ ਬੋਝ ਕਾਫੀ ਹੱਦ ਤੱਕ ਘਟੇਗਾ। ਇਸ ਇਤਿਹਾਸਕ ਕਦਮ ਦਾ ਉਦੇਸ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ। ਸਾਰੇ ਸਰਕਾਰੀ ਕਰਮਚਾਰੀ, ਪੈਨਸਨਰ ਅਤੇ ਹੋਰ ਨਾਗਰਿਕ ਸਿਹਤ ਕਾਰਡ ਲਈ ਯੋਗ ਹੋਣਗੇ ਜੋ ਸੁਵਿਧਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਕਰਕੇ ਔਨਲਾਈਨ ਰਜਿਸਟ੍ਰੇਸਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਯੁੱਧ ਨਸ਼ਿਆਂ ਵਿਰੁਧ**

ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ, ਨਸ਼ਿਆਂ ਦੇ ਸਰਗਣੇ ਜੇਲ੍ਹ ਭੇਜੇ, ਨਸ਼ਾ ਤਸਕਰਾਂ ਦੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਢਾਹਿਆ, ਪੀੜਤਾਂ ਦਾ ਇਲਾਜ ਅਤੇ ਮੁੜ ਵਸੇਬਾ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਲੜਾਈ ਲੜਦਿਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ। ਇਕ ਮਾਰਚ, 2025 ਤੋਂ 17 ਜਨਵਰੀ, 2026 ਤੱਕ ਐਨ.ਡੀ.ਪੀ.ਐਸ. ਐਕਟ ਤਹਿਤ 31,441 ਮਾਮਲੇ ਦਰਜ ਕੀਤੇ ਗਏ ਹਨ, 45,137 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, 15.47 ਕਰੋੜ ਰੁਪਏ ਦੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, 386 ਵੱਡੀਆਂ ਮੱਛੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ 299 ਕਰੋੜ ਰੁਪਏ ਦੀ ਜਾਇਦਾਦ ਜਬਤ ਕੀਤੀ ਗਈ ਹੈ। ਯੁੱਧ ਨਸ਼ਿਆਂ ਵਿਰੁੱਧ ਦਾ ਦੂਜਾ ਪੜਾਅ ਸ਼ੁਰੂ ਕੀਤਾ ਗਿਆ ਅਤੇ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਲਈ ਪੰਜਾਬ ਵਿੱਚ 3,083 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।

**ਗੈਂਗਸਟਰਾਂ 'ਤੇ ਵਾਰ**

ਨਸੇ ਵਿਰੁੱਧ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਵੱਡੀ ਸਫਲਤਾ ਤੋਂ ਬਾਅਦ ਪੰਜਾਬ ਸਰਕਾਰ ਨੇ ਹੁਣ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਸੁਰੂ ਕੀਤੀ ਹੈ, ਜੋ ਕਿ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਦੇ ਉਦੇਸ ਨਾਲ ਗੈਂਗਸਟਰਾਂ ਵਿਰੁੱਧ ਫੈਸਲਾਕੁੰਨ ਜੰਗ ਹੈ। ਗੈਂਗਸਟਰਾਂ ਵਿਰੁੱਧ ਵਿਆਪਕ ਕਾਰਵਾਈ ਤਹਿਤ 2,000 ਪੁਲਿਸ ਟੀਮਾਂ ਦਾ ਗਠਨ ਕੀਤਾ ਜਿਨ੍ਹਾਂ ਵਿੱਚ 12,000 ਤੋਂ ਵੱਧ ਪੁਲਿਸ ਕਰਮਚਾਰੀ ਸਾਮਲ ਸਨ। ਇਨ੍ਹਾਂ ਟੀਮਾਂ ਨੇ ਪੰਜਾਬ ਭਰ ਵਿੱਚ 60 ਵਿਦੇਸ-ਅਧਾਰਤ ਗੈਂਗਸਟਰਾਂ ਦੇ ਸਹਿਯੋਗੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਵੱਖ-ਵੱਖ ਸਥਾਨਾਂ 'ਤੇ ਛਾਪੇ ਮਾਰੇ। ਗੈਂਗਸਟਰਾਂ ਵਿਰੁੱਧ ਰਣਨੀਤਕ ਜੰਗ ਦਾ ਸਪੱਸਟ ਇਰਾਦਾ ਗੈਂਗਸਟਰਵਾਦ ਦੇ ਸਮੁੱਚੇ ਮਾਹੌਲ ਨੂੰ ਖਤਮ ਕਰਨਾ ਹੈ, ਜਿਸ ਵਿੱਚ ਉਨ੍ਹਾਂ ਦੇ ਵਿੱਤੀ ਵਸੀਲੇ, ਲੌਜਿਸਟਿਕਸ, ਸੁਰੱਖਿਅਤ ਘਰ, ਹਥਿਆਰ ਸਪਲਾਈ ਚੇਨ ਅਤੇ ਸੰਚਾਰ ਨੈਟਵਰਕ ਸਾਮਲ ਹਨ। ਇੱਕ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ, 93946-93946 ਸੁਰੂ ਕੀਤੀ ਗਈ ਜੋ ਨਾਗਰਿਕਾਂ ਨੂੰ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਗੁਪਤ ਰੂਪ ਵਿੱਚ ਸਾਂਝੀ ਕਰਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਸੁਝਾਅ ਪ੍ਰਦਾਨ ਕਰਨ ਦੇ ਯੋਗ ਬਣਾਉਂਦਾ ਹੈ।

**ਮਾਲ ਸੁਧਾਰ**

ਲੋਕਾਂ ਲਈ ਪਾਰਦਰਸੀ, ਅਸਰਦਾਰ ਅਤੇ ਭ੍ਰਿਸਟਾਚਾਰ ਮੁਕਤ ਮਾਲ ਸੇਵਾਵਾਂ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਨੇ 'ਈਜ਼ੀ ਰਜਿਸਟਰੀ' ਅਤੇ 'ਈਜ਼ੀ ਜਮ੍ਹਾਂਬੰਦੀ' ਪੋਰਟਲ ਸੁਰੂ ਕੀਤਾ ਹੈ। ਇਹ ਇਨਕਲਾਬੀ ਪਹਿਲਕਦਮੀਆਂ ਸੂਬਾ ਸਰਕਾਰ ਦੇ ਇਮਾਨਦਾਰ, ਪਾਰਦਰਸ਼ੀ ਅਤੇ ਲੋਕ-ਪੱਖੀ ਇਰਾਦਿਆਂ ਨੂੰ ਦਰਸਾਉਂਦੀਆਂ ਹਨ। ਦੇਸ ਦੇ ਕਿਸੇ ਹੋਰ ਸੂਬੇ ਵਿੱਚ ਇੰਨੇ ਮਜਬੂਤ ਮਾਲ ਸੁਧਾਰ ਨਹੀਂ ਹਨ ਅਤੇ ਇਹ ਜਨਤਕ ਸਹੂਲਤ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।

**ਆਮ ਆਦਮੀ ਕਲੀਨਿਕ**


ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਜਿਨ੍ਹਾਂ ਨੇ ਸੂਬੇ ਵਿੱਚ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੂਬੇ ਵਿੱਚ ਰੋਜਾਨਾ ਲਗਭਗ 70,000 ਮਰੀਜ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿੱਚ ਰੋਜਾਨਾ ਆਉਣ ਵਾਲੇ 95 ਫੀਸਦੀ ਤੋਂ ਵੱਧ ਮਰੀਜ ਆਪਣੀਆਂ ਬਿਮਾਰੀਆਂ ਤੋਂ ਠੀਕ ਹੋ ਜਾਂਦੇ ਹਨ।

## ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦਾ ਜਨਤਾ ਦੇ ਨਾਮ ਸੰਦੇਸ਼

ਪੰਜਾਬ ਦੇ ਪਿਆਰੇ ਨਿਵਾਸੀਓ,

ਅੱਜ 26 ਜਨਵਰੀ ਦੇ ਇਸ ਸੁਭ ਮੌਕੇ 'ਤੇ ਮੈਂ ਸਾਰੇ ਦੇਸਵਾਸੀਆਂ, ਖਾਸ ਕਰਕੇ ਪੰਜਾਬ ਦੇ ਨਾਗਰਿਕਾਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੰਦਾ ਹਾਂ। ਇਸ ਦਿਨ ਸਾਡਾ ਸੰਵਿਧਾਨ ਲਾਗੂ ਹੋਇਆ ਅਤੇ ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮਨਿਰਪੱਖ ਅਤੇ ਲੋਕਤੰਤਰੀ ਗਣਰਾਜ ਵਜੋਂ ਸਥਾਪਿਤ ਹੋਇਆ।

ਮੈਂ ਗੁਰੂਆਂ, ਪੀਰਾਂ, ਸੰਤਾਂ ਅਤੇ ਮਹਾਨ ਯੋਧਿਆਂ ਦੀ ਧਰਤੀ ਪੰਜਾਬ ਨੂੰ ਸਿਜਦਾ ਕਰਦਾ ਹਾਂ ਅਤੇ ਉਹਨਾਂ ਸੈਨਿਕ ਪਰਿਵਾਰਾਂ ਨੂੰ ਸਤਿਕਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਦੇ ਸਪੂਤਾਂ ਨੇ ਮਾਤ ਭੂਮੀ ਲਈ ਸਰਵ ਉੱਚ ਕੁਰਬਾਨੀ ਦਿੱਤੀ। ਰਾਸਟਰ ਪਿਤਾ ਮਹਾਤਮਾ ਗਾਂਧੀ, ਨੇਤਾਜੀ ਸੁਭਾਸ ਚੰਦਰ ਬੋਸ, ਸਰਦਾਰ ਵੱਲਭ ਭਾਈ ਪਟੇਲ, ਪੰਡਿਤ ਜਵਾਹਰ ਲਾਲ ਨਹਿਰੂ, ਡਾ. ਰਾਜੇਂਦਰ ਪ੍ਰਸਾਦ ਅਤੇ ਅਨੇਕਾਂ ਹੋਰ ਦੇਸ ਵਾਸੀਆਂ ਨੇ ਭਾਰਤ ਦੀ ਆਜਾਦੀ ਵਿੱਚ ਅਹਿਮ ਯੋਗਦਾਨ ਪਾਇਆ।



ਗੁਲਾਬ ਚੰਦ ਕਟਾਰੀਆ
ਰਾਜਪਾਲ ਪੰਜਾਬ

ਸਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰ ਸੇਖਰ ਆਜਾਦ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਗਦਰੀ ਬਾਬੇ ਅਤੇ ਅਨੇਕਾਂ ਬਹਾਦਰਾਂ ਦੀ ਸਹਾਦਤ ਸਾਡੇ ਇਤਿਹਾਸ ਦੀ ਸਾਨ ਹੈ। ਸੰਵਿਧਾਨ ਸਭਾ ਦੇ ਮੈਂਬਰਾਂ ਅਤੇ ਡਾ. ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦੇ ਅਣਥੱਕ ਯਤਨਾਂ ਨਾਲ ਸਾਨੂੰ ਮਜਬੂਤ ਸੰਵਿਧਾਨ ਮਿਲਿਆ।

ਇਸ ਮੌਕੇ 'ਤੇ ਮੈਂ ਲੋਹ ਪੁਰਸ ਸਰਦਾਰ ਵੱਲਭ ਭਾਈ ਪਟੇਲ ਨੂੰ ਵਿਸੇਸ ਤੌਰ 'ਤੇ ਯਾਦ ਕਰਦਾ ਹਾਂ, ਜਿਨ੍ਹਾਂ ਨੇ 562 ਰਿਆਸਤਾਂ ਨੂੰ ਇੱਕਜੁੱਟ ਕਰਕੇ ਇਸ ਨੂੰ 'ਭਾਰਤ ਮਾਤਾ' ਦਾ ਅਖੰਡ ਰੂਪ ਦਿੱਤਾ।

ਸਾਡਾ ਪੰਜਾਬ ਇੱਕ ਮਾਣਮੱਤਾ ਅਤੇ ਪ੍ਰੇਰਨਾਦਾਇਕ ਸੂਬਾ ਹੈ, ਜਿਸਨੇ ਆਪਣੀ ਅਦੁੱਤੀ ਹਿੰਮਤ, ਅਣਥੱਕ ਮਿਹਨਤ ਅਤੇ ਅਮੀਰ ਵਿਰਾਸਤ ਨਾਲ ਦੇਸ ਨੂੰ ਸਦਾ ਪ੍ਰੇਰਿਤ ਕੀਤਾ ਹੈ। ਖੁਰਾਕ ਸੁਰੱਖਿਆ ਤੋਂ ਲੈ ਕੇ ਖੇਤੀ, ਉਦਯੋਗ ਅਤੇ ਉੱਦਮਤਾ ਤੱਕ ਪੰਜਾਬ ਨੇ ਅਹਿਮ ਯੋਗਦਾਨ ਦਿੱਤਾ ਹੈ। ਹਾਲੀਆ ਭਿਆਨਕ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ, ਪਰ ਇਸ ਦੌਰਾਨ ਪੰਜਾਬੀਆਂ ਦੀ ਹਿੰਮਤ, ਆਪਸੀ ਸਹਿਯੋਗ ਅਤੇ ਸੇਵਾ-ਭਾਵਨਾ ਸਭ ਤੋਂ ਵੱਧ ਪ੍ਰੇਰਕ ਰਹੀ। ਸੀਮਤ ਸਰੋਤਾਂ ਦੇ ਬਾਵਜੂਦ, ਪੰਜਾਬ ਨੇ ਜਿਸ ਦ੍ਰਿੜਤਾ ਨਾਲ ਇਸ ਆਫਤ ਦਾ ਸਾਹਮਣਾ ਕੀਤਾ, ਉਹ ਪੂਰੇ ਦੇਸ ਲਈ ਇੱਕ ਮਿਸਾਲ ਹੈ।

ਸੂਬਾ ਸਰਕਾਰ "ਲੋਕ ਸੇਵਾ ਅਤੇ ਪਾਰਦਰਸੀ ਸਾਸਨ" ਦੇ ਮੰਤਰ ਨਾਲ ਅੱਗੇ ਵੱਧ ਰਹੀ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਨਵੇਂ ਮੀਲ ਪੱਥਰ ਹਾਸਲ ਕੀਤੇ ਹਨ। "ਮੁੱਖ ਮੰਤਰੀ ਸਿਹਤ ਯੋਜਨਾ" ਤਹਿਤ ਜਨਵਰੀ 2026 ਤੋਂ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਮਿਲੇਗਾ। ਸਿਹਤ ਸੇਵਾਵਾਂ ਨੂੰ ਪਹੁੰਚਯੋਗ ਬਣਾਉਣ ਲਈ 881 ਆਮ ਆਦਮੀ ਕਲੀਨਿਕ ਅਤੇ 356 ਹਾਈ-ਟੈਕ ਐਂਬੂਲੈਂਸਾਂ ਸੂਬੇ ਭਰ ਵਿੱਚ ਕਾਰਜਸੀਲ ਹਨ।

ਜੁਲਾਈ 2022 ਤੋਂ ਲਗਭਗ 90 ਫੀਸਦ ਪਰਿਵਾਰਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਝੋਨੇ ਦੇ ਸੀਜਨ ਦੌਰਾਨ ਖੇਤੀਬਾੜੀ ਟਿਊਬਵੈੱਲਾਂ ਨੂੰ 8 ਘੰਟਿਆਂ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਵੀ ਦਿੱਤੀ ਗਈ।

ਸਿੱਖਿਆ ਦੇ ਖੇਤਰ ਵਿੱਚ ਸੂਬਾ ਸਰਕਾਰ ਨੇ "ਪੰਜਾਬ ਸਿੱਖਿਆ ਕ੍ਰਾਂਤੀ" ਦੀ ਸੁਰੂਆਤ ਕੀਤੀ ਹੈ। 118 ਸਕੂਲ ਆਫ ਐਮੀਨੈਂਸ ਰਾਹੀਂ ਵਿਸਵ ਪੱਧਰੀ ਸਿੱਖਿਆ ਦਿੱਤੀ ਜਾ ਰਹੀ ਹੈ ਅਤੇ ਅਧਿਆਪਕਾਂ/ਪ੍ਰਿੰਸੀਪਲਾਂ ਨੂੰ ਫਿਨਲੈਂਡ ਅਤੇ ਸਿੰਗਾਪੁਰ ਭੇਜ ਕੇ ਸਿੱਖਿਆ ਦੀ ਗੁਣਵੱਤਾ ਮਜਬੂਤ ਕੀਤੀ ਜਾ ਰਹੀ ਹੈ। ਧੀਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਵੇ, ਇਸ ਲਈ 230 ਤੋਂ ਵੱਧ ਵਾਹਨਾਂ ਰਾਹੀਂ ਵਿਦਿਆਰਥੀਆਂ ਨੂੰ ਆਵਾਜਾਈ ਸਹੂਲਤ ਮਿਲ ਰਹੀ ਹੈ।

ਪੰਜਾਬ ਨੇ ਨੈਸਨਲ ਅਚੀਵਮੈਂਟ ਸਰਵੇ 2024 ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਸਰਕਾਰੀ ਸਕੂਲਾਂ ਦੇ 265 ਵਿਦਿਆਰਥੀਆਂ ਨੇ ਮੈਨਜ, 45 ਨੇ ਐਡਵਾਂਸ ਅਤੇ 847 ਨੇ ਪਾਸ ਕੀਤਾ ਹੈ। "ਪੇਂਡੂ ਲਾਇਬ੍ਰੇਰੀ ਯੋਜਨਾ" ਤਹਿਤ 275 ਆਧੁਨਿਕ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਗਈਆਂ ਹਨ, ਜੋ ਪੇਂਡੂ ਨੌਜਵਾਨਾਂ ਲਈ ਸਿੱਖਿਆ ਅਤੇ ਹੁਨਰ ਵਿਕਾਸ ਦੇ ਕੇਂਦਰ ਬਣ ਰਹੀਆਂ ਹਨ। ਸੂਬਾ ਸਰਕਾਰ ਨੇ ਨੌਜਵਾਨਾਂ ਲਈ ਰੋਜਗਾਰ ਦੇ ਨਵੇਂ ਰਾਹ ਖੋਲ੍ਹਦਿਆਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਇੱਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ।


कृषि एवं कृषि संबंधित विषयों पर आधुनिक जानकारी लेने हेतु पढ़ें

खेती संदेश

हिन्दी साप्ताहिक समाचार पत्र



कृषि एवं कृषि सहायक धंधों की आधुनिक जानकारी से भरपूर



एक वर्ष में 52 अंक

किसान भाईयों व डीलर/डिस्ट्रीब्यूटरों के लिए

चंदों में विशेष छूट

एक वर्ष 500/- रुपए

दो वर्ष 800/- रुपए

पेमेंट करने के पश्चात् अपना डाक पता इस नंबर पर भेजें :

90410-14575

KHETI DUNIYAN
TID - 62763351

चंदे भेजने हेतु QR कोड स्कैन करें।

खेती संदेश (कृषि साप्ताहिक)

के.डी. कॉम्पलैक्स, गऊशाला रोड, पटियाला


## ਬਨਸਪਤਿ ਮਉਲੀ ਚੜਿਆ ਬਸੰਤੁ

ਦਲਜੀਤ ਰਾਏ ਕਾਲੀਆ, ਮੋ. 97812-00168


ਬਸੰਤ ਪੰਚਮੀ ਦੇ ਦਿਹਾੜੇ ਤੋਂ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੀ ਹੈ। ਬਸੰਤ ਖੁਸ਼ੀਆਂ ਖੇੜਿਆਂ ਦੀ, ਰੁੱਤਾਂ ਦੀ ਰਾਣੀ ਰੁੱਤ ਹੈ। ਸ਼੍ਰੋਮਣੀ ਰੁੱਤ ਬਸੰਤ ਬਾਲਾਂ ਤੇ ਬੁੱਢੇ ਠੇਰਿਆਂ ਨੂੰ ਠੰਢ ਤੋਂ ਨਿਜਾਤ ਦਿਵਾਉਣ ਵਾਲੀ ਰੁੱਤ ਹੈ। ਇਸੇ ਕਰਕੇ ਤਾਂ ਸਦੀਆਂ ਤੋਂ ਕਿਹਾ ਜਾਂਦਾ ਰਿਹਾ ਹੈ ਕਿ 'ਆਈ ਬਸੰਤ ਪਾਲਾ ਉਡੰਤ'। ਪ੍ਰੰਤੂ ਪਿਛਲੇ ਕੁੱਝ ਦਹਾਕਿਆਂ ਤੋਂ ਸਾਡੇ ਦੁਆਰਾ ਵਾਤਾਵਰਨ ਨਾਲ ਕੀਤੀ ਜਾ ਰਹੀ ਛੇੜਛਾੜ, ਖਿਲਵਾੜ ਕਾਰਨ ਵਾਤਾਵਰਨ ਵਿੱਚ ਵਿਗਾੜ ਆਇਆ ਹੈ ਵਾਤਾਵਰਨਕ ਤਬਦੀਲੀਆਂ ਕਾਰਨ ਹੁਣ ਰੁੱਤਾਂ ਤੇ ਮੌਸਮ ਵਿੱਚ ਵੀ ਨਿਸਚਿਤਤਾ ਨਹੀਂ ਰਹੀ। ਕਈ ਵਾਰ ਬਸੰਤ ਤੋਂ ਬਾਅਦ ਵੀ ਪਾਲੇ ਕੋਹਰੇ ਦਾ ਜ਼ੋਰ ਰਹਿੰਦਾ ਹੈ ਅਤੇ ਹੁਣ ਨਵੀਂ ਕਹਾਵਤ 'ਆਈ ਬਸੰਤ ਪਾਲਾ ਪੜੰਤ' ਵੀ ਸਹੀ ਜਾਪਦੀ ਹੈ। ਲੋਹੜੀ-ਮਾਘੀ ਤੋਂ ਪਿੱਛੋਂ ਆਉਣ ਵਾਲੀ ਸ਼ੁਕਲ ਪੱਖ ਦੀ ਪੰਚਮੀ ਬਸੰਤ ਪੰਚਮੀ ਵਜੋਂ ਜਾਣੀ ਜਾਂਦੀ ਹੈ। ਇਸ ਸਮੇਂ ਚਾਰੇ ਪਾਸੇ ਹੀ ਕਾਦਰ ਦੀ ਕੁਦਰਤ ਮੌਲਦੀ ਹੈ। ਥਾਂ-ਥਾਂ ਵੰਨ-ਸੁਵੰਨੇ ਫੁੱਲ ਖਿੜਨੇ ਇਸ ਰੁੱਤ ਵਿੱਚ ਸ਼ੁਰੂ ਹੁੰਦੇ ਹਨ। ਕਿਧਰੇ ਖੇਤਾਂ ਵਿੱਚ ਸਰ੍ਹੋਂ ਦੇ ਖਿੜੇ ਪੀਲੇ ਫੁੱਲ ਅਤੇ ਕਿਧਰੇ ਅਲਸੀ ਦੇ ਖਿੜੇ ਨੀਲੇ ਫੁੱਲ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਠੰਢ ਦੇ ਝੰਬੇ ਹੋਏ ਰੁੱਖ ਇਸੇ ਸਮੇਂ ਪੁੰਗਰਦੇ ਹਨ। ਰੁੱਖਾਂ ਦੀ ਹਰਿਆਲੀ ਮਨ ਨੂੰ ਸਕੂਨ ਦਿੰਦੀ ਹੈ।

ਬਸੰਤ ਰੁੱਤ ਦੌਰਾਨ ਨਾ ਬਹੁਤੀ ਸਰਦੀ ਅਤੇ ਨਾ ਬਹੁਤੀ ਗਰਮੀ ਹੁੰਦੀ ਹੈ। ਸਾਰੇ ਪਾਸੇ ਕਾਇਨਾਤ ਵਿੱਚ ਬਹਾਰ ਆ ਜਾਂਦੀ ਹੈ। ਕੁਦਰਤ ਪੂਰਾ ਸ਼ਿੰਗਾਰ ਲਾ ਕੇ ਜੋਬਨ ਮੱਤੀ ਜਾਪਦੀ ਹੈ। ਜਿੱਥੇ ਇਹ ਇੱਕ ਮੌਸਮੀ ਤਿਉਹਾਰ ਹੈ ਉੱਥੇ ਇਸ ਨਾਲ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ।

ਪੌਰਾਣਿਕ ਕਥਾ ਅਨੁਸਾਰ ਇਸ ਦਿਨ ਨੂੰ ਗਿਆਨ ਪੰਚਮੀ, ਸਰਸਵਤੀ ਪੰਚਮੀ ਵੀ ਕਿਹਾ ਜਾਂਦਾ ਹੈ ਅਤੇ ਸਨਾਤਨ ਹਿੰਦੂ ਧਰਮ ਵਿੱਚ ਇਸ ਦਿਨ ਦੇਵੀ ਸਰਸਵਤੀ ਦੀ ਪੂਜਾ ਲੋਕਾਂ ਵੱਲੋਂ ਪੀਲੇ ਵਸਤਰ ਪਹਿਨ ਕੇ ਪੀਲੇ ਫੁੱਲਾਂ ਅਤੇ ਪੀਲੇ ਖਾਧ ਪਦਾਰਥਾਂ ਨਾਲ ਸ਼ਰਧਾ ਨਾਲ ਕੀਤੀ ਜਾਂਦੀ ਹੈ।

ਭਗਤ ਕਬੀਰ ਜੀ ਬਸੰਤ ਰਾਗ ਵਿੱਚ ਆਪਣੀ ਬਾਣੀ ਰਾਹੀਂ ਬਸੰਤ ਰੁੱਤ ਦਾ ਵਰਨਣ ਕਰਦੇ ਹੋਏ ਫ਼ੁਰਮਾਉਂਦੇ ਹਨ -

ਮਉਲੀ ਧਰਤੀ ਮਉਲਿਆ ਆਕਾਸੁ ।
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ।
ਰਾਜਾ ਰਾਮੁ ਮਉਲਿਆ ਅਨਤ ਭਾਇ ।
ਜਹਿ ਦੇਖਉ ਤਹ ਰਹਿਆ ਸਮਾਇ ॥



ਰਹਾਉ ॥
ਦੁਤੀਆ ਮਉਲੇ ਚਾਰਿ ਬੇਦ ॥
ਸਿੰਮ੍ਰਿਤਿ ਮਉਲੀ ਸਿਉ ਕਤੇਬ ॥
ਸੰਕਰੁ ਮਉਲਿਓ ਜੋਗ ਧਿਆਨ ॥
ਕਬੀਰ ਕੋ ਸੁਆਮੀ ਸਭ ਸਮਾਨ ॥

ਸ੍ਰੀ ਗੁਰੂ ਅਮਰਦਾਸ ਜੀ ਨੇ ਬਸੰਤ ਰਾਗ ਵਿੱਚ ਬਸੰਤ ਰੁੱਤ ਦਾ ਵਰਣਨ ਕਰਦੇ ਹੋਏ ਦਰਸਾਇਆ ਹੈ ਕਿ ਸਾਨੂੰ ਸੱਚੇ ਸੁੱਖ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ ਜੇ ਸੱਚੇ ਮਨੋਂ ਸਤਿਗੁਰੂ ਦੀ ਅਰਾਧਨਾ ਕਰੀਏ।

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥1 ॥
ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖੁ ਪਾਵਹੁ ਮੇਰੇ ਮਨਾ ॥੧ ॥

ਗੁਰਮਤਿ ਵਿੱਚ ਬਸੰਤ ਰੁੱਤ ਦੇ ਅਨੰਦ ਨੂੰ ਅਧਿਆਤਮਕ ਅਨੰਦ ਨਾਲ ਜੋੜਿਆ ਗਿਆ ਹੈ। ਗੁਰਬਾਣੀ ਵਿੱਚ ਬਸੰਤ ਰੁੱਤ ਦੀ ਪ੍ਰਕਿਰਤਕ ਖੂਬਸੂਰਤੀ ਦਾ ਸੁੰਦਰ ਵਰਣਨ ਹੈ-

ਮਾਹਾ ਰੁਤੀ ਮਹਿ ਸਦ ਬਸੰਤੁ ॥
ਜਿਤੁ ਹਰਿਆ ਸਭੁ ਜੀਅ ਜੰਤੁ ॥

ਪੁਰਾਤਨ ਕਾਲ ਤੋਂ ਭਾਰਤ ਨੂੰ ਛੇ ਰੁੱਤਾਂ ਵਾਲਾ ਦੇਸ਼ ਮੰਨਿਆ ਗਿਆ ਹੈ। ਇੱਕ ਪੌਰਾਣਿਕ ਕਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਬਾਕੀ ਦੀਆਂ ਪੰਜ ਰੁੱਤਾਂ ਨੇ ਬਸੰਤ ਰੁੱਤ ਨੂੰ ਆਪਣਾ ਰਾਜਾ ਮੰਨਿਆ ਅਤੇ ਇਸਦਾ ਅਭਿਨੰਦਨ ਕੀਤਾ। ਉਹਨਾਂ ਪੰਜ ਰੁੱਤਾਂ ਨੇ ਆਪਣੇ ਹਿੱਸੇ ਦੇ ਦੋ ਮਹੀਨਿਆਂ ਵਿੱਚੋਂ ਅੱਠ-ਅੱਠ ਦਿਨ ਬਸੰਤ ਰੁੱਤ ਨੂੰ ਦੇ ਦਿੱਤੇ, ਜਿਸ ਕਰਕੇ ਬਸੰਤ ਰੁੱਤ ਸਭ ਤੋਂ ਵੱਡੀ ਬਣ ਗਈ।

ਬਸੰਤ ਰੁੱਤ ਦਾ ਆਗਮਨ ਭਾਵੇਂ ਦੇਸੀ ਮਹੀਨੇ ਮਾਘ (ਜਨਵਰੀ-ਫਰਵਰੀ) ਦੌਰਾਨ ਸ਼ੁਰੂ ਹੁੰਦਾ ਹੈ, ਪਰ ਇਹ ਰੁੱਤ ਦੇਸੀ ਮਹੀਨਿਆਂ ਫੱਗਣ-ਚੇਤਰ ਦੌਰਾਨ ਆਪਣੇ ਜੋਬਨ ਦੇ ਸਿਖਰ 'ਤੇ ਪਹੁੰਚਦੀ ਹੈ। ਇਹਨਾਂ ਮਹੀਨਿਆਂ ਦੌਰਾਨ ਕਿਸਾਨਾਂ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਜਵਾਨ ਹੋ ਰਹੀਆਂ ਹੁੰਦੀਆਂ ਹਨ। ਅੰਬਾਂ ਦੇ ਬੂਟਿਆਂ ਨੂੰ ਬੂਰ ਪੈ ਰਿਹਾ ਹੁੰਦਾ ਹੈ। ਸਰ੍ਹੋਂ ਦੇ ਪੀਲੇ-ਪੀਲੇ ਫੁੱਲਾਂ ਨਾਲ ਭਰੇ ਹੋਏ ਖੇਤ ਇਸ ਤਰ੍ਹਾਂ ਜਾਪਦੇ ਹਨ ਕਿ ਕੁਦਰਤ ਸੋਨੇ ਰੂਪੀ ਗਹਿਣੇ ਪਾ ਕੇ ਧਰਤੀ ਨੂੰ ਭਾਗ ਲਾ ਰਹੀ ਹੈ। ਇਸ ਰੁੱਤ ਵਿੱਚ ਕੁਦਰਤ ਸੱਜ ਵਿਆਹੀ ਦੁਲਹਨ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਭਾਂਤ-ਭਾਂਤ ਦੇ ਖਿੜੇ ਹੋਏ ਫੁੱਲ ਹਵਾ ਨੂੰ ਸੁਗੰਧਿਤ ਕਰਦੇ ਹਨ। ਬਾਗਾਂ ਵਿੱਚ ਭੌਰੇ (ਭੰਵਰੇ) ਗੂੰਜਦੇ ਹਨ। ਬੁਲਬੁਲਾਂ ਅਤੇ ਕੋਇਲਾਂ ਮਿੱਠੇ-ਮਿੱਠੇ ਰਾਗ ਅਲਾਪਦੀਆਂ ਹਨ। ਇਸ ਰੁੱਤ ਦੇ ਖੇੜੇ ਦਾ ਵਰਣਣ ਪੰਜਾਬੀ ਕਵੀ ਲਾਲਾ ਕਿਰਪਾ ਸਾਗਰ ਨੇ ਬਹੁਤ ਹੀ ਬਾਖੂਬੀ ਕੀਤਾ ਹੈ।

ਜਿੰਨੇ ਫੁੱਲ ਜਹਾਨ ਦੇ, ਥਾਂ ਥਾਂ ਖਿੜੇ ਨਿਸ਼ੰਗ।
ਬਿਰਛਾਂ ਦੇ ਸੰਗ ਲੱਦੀਆਂ, ਵੇਲਾਂ ਰੰਗ ਬਰੰਗ।
ਲਪਟਾਂ ਦਿੰਦਾ 'ਵਾ ਨੂੰ, ਕਿਤੇ ਚੰਬੇਲੀ ਫੁੱਲ।
ਨਰਗਸ ਮਾਰੇ ਅੱਖੀਆਂ, ਬਾਹਰ ਤ੍ਰੇਤੋਂ ਝੁੱਲ।
ਵੱਡਾ ਝਾੜ ਗੁਲਾਬ ਦਾ, ਭਰਿਆ ਫੁੱਲਾਂ ਨਾਲ।
ਪੋਸਤ ਨੇ ਮੂੰਹ ਅੱਡਿਆ, ਜਾਪੇ ਰੰਗ ਗੁਲਾਲ।
ਨੀਲੇ, ਪੀਲੇ, ਕਿਰਮਚੀ, ਦਿਸਣ ਫੁੱਲ ਹਜ਼ਾਰ।
ਕੱਜੀ ਜਿਮੀਂ ਬਨਫ਼ਸਿਆਂ, ਸਾਵੇ ਵੂਹੜ ਖਿਲਾਰ।

ਖਿੜੇ ਫੁੱਲ ਹਰੇਕ ਨੂੰ ਚੰਗੇ ਲੱਗਦੇ ਹਨ। ਇਹ ਸਾਨੂੰ ਤਾਜ਼ਗੀ ਪ੍ਰਦਾਨ ਕਰਦੇ ਹਨ। ਇਹ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਤੁਸੀਂ ਵੀ ਸਾਡੇ ਵਾਂਗ ਖਿੜੇ ਰਹੋ। ਹਰ ਭਾਸ਼ਾ ਵਿੱਚ ਸ਼੍ਰੋਮਣੀ ਰੁੱਤ ਬਸੰਤ ਸੰਬੰਧੀ ਅਣਗਿਣਤ ਕਵਿਤਾਵਾਂ ਮਿਲਦੀਆਂ ਹਨ। ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਬਸਤ ਰੁੱਤ ਦਾ ਦ੍ਰਿਸ਼ ਇਉਂ ਪੇਸ਼ ਕੀਤਾ ਹੈ :-

ਕੱਕਰਾਂ ਨੇ ਲੁੱਟ ਪੁੱਟ, ਨੰਗ ਕਰ ਛੱਡੇ ਰੁੱਖ,
ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ।
ਡਾਲੀਆਂ ਕਚਾਰ ਵਾਂਗ ਕੂਲੀਆਂ ਨੂੰ ਜਿੰਦ ਪਈ,
ਆਲ੍ਹਣੇ ਦੇ ਬੋਟ ਵਾਂਗ ਖੰਭੀਆਂ ਉਛਾਲੀਆਂ।
ਬਾਗਾਂ ਵਿੱਚ ਬੂਟਿਆਂ 'ਤੇ ਡੋਡੀਆਂ ਉਭਾਰੀਆਂ ਨੇ,
ਮਿੱਠੀ ਮਿੱਠੀ ਪੌਣ ਆ ਕੇ ਸੁੱਤੀਆਂ ਉਠਾਲੀਆਂ।
ਖੇਡ ਖੇਡ ਹੱਸਦੀਆਂ, ਵਸਦਾ ਜਹਾਨ ਵੇਖ,
ਗੁੱਟੇ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।

ਬਸੰਤ ਪੰਚਮੀ ਦਾ ਸੰਬੰਧ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਨਾਲ ਵੀ ਜੁੜਦਾ ਹੈ। ਇਹ ਦਿਹਾੜਾ ਪ੍ਰਭੂ ਅਤੇ ਭਗਤ ਪ੍ਰੇਮ, ਬੀਰਤਾ, ਸੂਰਮਗਤੀ, ਕੁਰਬਾਨੀ, ਧਰਮ ਰੱਖਿਆ ਅਤੇ ਭਾਰਤੀ ਸੰਸਕ੍ਰਿਤੀ ਦੀ ਯਾਦ ਦਿਵਾਉਂਦਾ ਹੈ।

(ਚੱਲਦਾ)

# ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਦਸੰਬਰ ਵਿੱਚ ਬੀਜੀ ਗਈ ਕਣਕ ਨੂੰ ਦੂਸਰਾ ਪਾਣੀ ਦੇ ਦਿਉ । ਖੇਤ ਵਿੱਚੋਂ ਪੱਤੇ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਬੂਟੇ ਪੁੱਟ ਦਿਉ ਅਤੇ ਨਸ਼ਟ ਕਰ ਦਿਉ ਤਾਂ ਜੋ ਆਉਂਦੇ ਸਾਲਾਂ ਵਿੱਚ ਇਸਦਾ ਪ੍ਰਭਾਵ ਖਤਮ ਹੋ ਜਾਵੇ । ਰੋਪੜ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕਿਸਾਨ ਇਨ੍ਹਾਂ ਬਿਮਾਰੀਆਂ ਵੱਲ ਖਾਸ ਧਿਆਨ ਦੇਣ । ਜਦੋਂ ਹੀ ਖੇਤ ਵਿੱਚ ਪੀਲੀ ਕੁੰਗੀ ਦਾ ਹਮਲਾ ਹੋਵੇ ਤਾਂ ਤਾਕਤ



300 ਗ੍ਰਾਮ ਜਾਂ ਕੈਵੀਅਟ 200 ਗ੍ਰਾਮ ਜਾਂ ਨਟੀਵੋ 120 ਗ੍ਰਾਮ ਜਾਂ ਅੰਮਪੈਕਟ ਐਕਸਟਰਾ ਜਾਂ ਕਸਟੋਡੀਆ ਜਾਂ ਉਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਸਟਿਲਟ ਜਾਂ ਕੰਮਪਾਸ ਜਾਂ ਮਾਰਕਜ਼ੋਲ 200 ਮਿ.ਲਿ. 200 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ । ਜੇਕਰ ਚੇਪੇ ਦਾ ਹਮਲਾ ਨੁਕਸਾਨ ਕਰਨ ਦੀ ਸਮਰੱਥਾ (5 ਚੇਪੇ ਪ੍ਰਤੀ ਸਿੱਟਾ) ਤੱਕ ਪਹੁੰਚ ਜਾਵੇ ਤਾਂ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੋ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ. ਜੀ. (ਥਾਇਆਮੈਥੋਕਸਮ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

**ਬਹਾਰ ਰੁੱਤ ਦੀ ਮੱਕੀ** : ਮੱਕੀ ਦੀਆਂ ਪੀ 1844, ਪੀ ਐਮ ਐਚ-10, ਡੀ ਕੇ ਸੀ-9108, ਪੀ ਐਮ ਐਚ-8, ਪੀ ਐਮ ਐਚ-7 ਅਤੇ ਪੀ ਐਮ ਐਚ-1 ਕਿਸਮਾਂ ਦੀ




ਬਿਜਾਈ ਪੂਰਬ-ਪੱਛਮ ਦਿਸ਼ਾ ਵਿੱਚ 60 ਸੈ.ਮੀ. ਦੀ ਵਿੱਥ ਤੇ ਵੱਟਾਂ ਬਣਾ ਕੇ ਜਾਂ 67.5 ਸੈ.ਮੀ. ਦੀ ਵਿੱਥ ਤੇ ਬੈੱਡ ਬਣਾ ਕੇ 15 ਫਰਵਰੀ ਤੱਕ ਕੀਤੀ ਜਾ ਸਕਦੀ ਹੈ । ਵੱਟਾਂ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈ.ਮੀ. ਅਤੇ ਬੈੱਡਾਂ ਉੱਪਰ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈ.ਮੀ. ਰੱਖਣਾ ਚਾਹੀਦਾ ਹੈ । ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮੀਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ । ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਾਨ 3 ਜੀ (ਕਾਰਬੋਫਿਊਰਾਨ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਸਿਆੜਾਂ ਵਿੱਚ ਪਾਉ । ਨਦੀਨਾਂ ਦਾ ਖਾਤਮਾ ਕਰਨ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜੀਨ), 500 ਗ੍ਰਾਮ/ਏਕੜ ਹਲਕੀਆਂ ਜ਼ਮੀਨਾਂ ਲਈ ਅਤੇ 800 ਗ੍ਰਾਮ/ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਛਿੜਕਾਅ ਦੋ ਦਿਨਾਂ ਦੇ ਵਿੱਚ-ਵਿੱਚ 200 ਲਿਟਰ ਪਾਣੀ ਪਾ ਕੇ ਕਰ ਦਿਓ ।

**ਤੇਲ ਬੀਜ ਫ਼ਸਲਾਂ** : ਤੇਲ ਬੀਜ ਫ਼ਸਲਾਂ ਨੂੰ ਕੋਰੇ ਦੇ ਨੁਕਸਾਨ ਤੋਂ ਬਚਾਉਣ ਲਈ, ਫੁੱਲਾਂ ਤੇ ਆਈ ਫ਼ਸਲ ਨੂੰ ਹਲਕਾ ਪਾਣੀ ਦਿਉ । ਜੇਕਰ ਸਰ੍ਹੋਂ ਤੇ ਚੇਪੇ ਦਾ ਹਮਲਾ ਹੋਵੇ ਤਾਂ 40 ਗ੍ਰਾਮ ਐਕਟਾਰਾ/ਦੋਤਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ ਕੋਰੋਬਾਨ 20 ਤਾਕਤ ਨੂੰ 125 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ । ਛਿੜਕਾਅ ਦੁਪਹਿਰ ਬਾਅਦ ਕਰਨਾ ਚਾਹੀਦਾ ਹੈ ।

**ਦਾਲਾਂ** : ਮਸਰ ਦੀ ਫ਼ਸਲ ਦਾ ਪੂਰਾ ਝਾੜ ਲੈਣ ਲਈ ਪਾਣੀ ਦਿਓ । ਛੋਲਿਆਂ ਦੀ ਸੁੰਡੀ, ਪੱਤੇ, ਫੁੱਲ ਡੱਡੇ ਅਤੇ ਦਾਣਿਆਂ ਨੂੰ ਖਾਂਦੀ ਹੈ । ਜੇਕਰ 10 ਥਾਵਾਂ ਤੋਂ (100 ਬੂਟੇ) ਤੋਂ 16 ਜਾਂ ਵੱਧ ਸੁੰਡੀਆਂ ਮਿਲਣ ਤਾਂ ਇਸ ਦੀ ਰੋਕਥਾਮ ਲਈ 800 ਗ੍ਰਾਮ ਬੈਸੀਲਸ ਬੁਰੀਨਜੈਨਸਿਸ 0.5 ਡਬਲਯੂ ਪੀ (ਡੀ ਓ ਆਰ ਬੀ ਟੀ-1) ਜਾਂ 200 ਮਿਲੀਲਿਟਰ ਹੈਲੀਕੋਪ 2 ਏ ਐਸ ਜਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਜੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਸੀ ਜਾਂ 160 ਮਿਲੀਲਿਟਰ ਰਿਮੋਨ 10 ਈ ਸੀ ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਜੇਕਰ ਲੋੜ ਪਵੇ ਤਾਂ 2 ਹਫਤਿਆਂ ਪਿੱਛੋਂ ਕੀਟਨਾਸ਼ਕ ਦੀ ਵਰਤੋਂ ਫਿਰ ਦੁਹਰਾਓ ।

**ਸੂਰਜਮੁਖੀ** : ਸੂਰਜਮੁਖੀ ਦੀ ਬਿਜਾਈ ਜਿੰਨੀ ਜਲਦੀ ਹੋ ਸਕੇ ਕਰ ਲਉ । ਸੂਰਜਮੁਖੀ ਦੀ ਬਿਜਾਈ ਪਿਛੇਤੀ ਹੁੰਦੀ ਜਾਪੇ ਤਾਂ ਇਸ ਦੀ ਕਾਸ਼ਤ ਪਨੀਰੀ ਰਾਹੀਂ ਵੀ ਕੀਤੀ ਜਾ ਸਕਦੀ ਹੈ । ਜਲਦੀ ਪੱਕਣ ਵਾਲੀਆਂ ਦੋਗਲੀਆਂ ਕਿਸਮਾਂ ਨੂੰ ਪਹਿਲ ਦਿਉ ਜਿਵੇਂ ਕਿ ਪੀ ਐਸ ਐਚ 2080, ਪੀ ਐਸ ਐਚ 1962, ਪੀ ਐਸ ਐਚ 996 ਅਤੇ ਪੀ ਐਸ ਐਚ 569 । ਫਰਵਰੀ ਦੇ ਪਹਿਲੇ ਹਫਤੇ ਵਿੱਚ ਹੀ ਬਿਜਾਈ ਖਤਮ ਕਰ ਲਓ । ਫ਼ਸਲ ਨੂੰ 60 ਸੈਂ. ਮੀ. ਚੌੜੀਆਂ ਕਤਾਰਾਂ ਵਿੱਚ ਬੀਜੋ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 30 ਸੈ. ਮੀ. ਰੱਖੋ । ਵੱਟਾਂ ਪੂਰਬ ਤੋਂ ਪੱਛਮ ਵੱਲ ਅਤੇ



ਬਿਜਾਈ ਦੱਖਣ ਵੱਲ ਕਰੋ । ਬੀਜ ਨੂੰ ਵੱਟਾਂ ਦੀ ਢਲਾਣ ਦੇ 6-8 ਸੈ. ਮੀ. ਹੇਠਾਂ ਵੱਲ ਬੀਜੋ । ਵੱਟਾਂ ਤੇ ਬੀਜੀ ਫ਼ਸਲ ਨੂੰ ਬਿਜਾਈ ਦੇ 2-3 ਦਿਨਾਂ ਬਾਅਦ ਪਾਣੀ ਦਿਉ ਅਤੇ ਪਾਣੀ ਦਿੰਦੇ ਸਮੇਂ ਇਹ ਧਿਆਨ ਰੱਖੋ ਕਿ ਪਾਣੀ ਬੀਜ ਦੀ ਸਤਹਿ ਤੋਂ ਹੇਠਾਂ ਹੀ ਰਹੇ । ਦੋ ਕਿਲੇ ਬੀਜ ਹੀ ਇੱਕ ਏਕੜ ਲਈ ਕਾਫ਼ੀ ਹੈ । ਬੀਜ ਨੂੰ ਬੀਜਣ ਤੋਂ ਪਹਿਲਾਂ, ਟੈਗ੍ਰਾਨ 6 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ, ਸੋਧ ਲਉ । ਬਿਜਾਈ ਸਮੇਂ 50 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ । ਹਲਕੀਆਂ ਜ਼ਮੀਨਾਂ ਵਿੱਚ 50 ਕਿਲੋ ਯੂਰੀਆ ਪ੍ਰਤੀ ਏਕੜ ਦੋ ਕਿਸ਼ਤਾਂ ਵਿੱਚ ਇੱਕ ਬਿਜਾਈ ਵੇਲੇ ਤੇ ਦੂਸਰੀ ਇੱਕ ਮਹੀਨਾ ਬਾਅਦ ਪਾਓ । ਜੇਕਰ ਸੂਰਜਮੁਖੀ ਆਲੂਆਂ ਤੋਂ ਬਾਅਦ ਬੀਜਣਾ ਹੋਵੇ, ਜਿਹਨਾਂ ਨੂੰ 20 ਟਨ ਰੂੜੀ ਪ੍ਰਤੀ ਏਕੜ ਪਾਈ ਹੋਵੇ, ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉ । ਜੇਕਰ ਮਿੱਟੀ ਪਰਖ ਅਨੁਸਾਰ ਜ਼ਮੀਨ ਵਿੱਚ ਪੋਟਾਸ਼ੀਅਮ ਦੀ ਘਾਟ ਹੋਵੇ ਤਾਂ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉ । ਸ਼ਹੀਦ ਭਗਤ ਸਿੰਘ ਨਗਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ 40 ਕਿਲੋ ਮਿਊਰੇਟ ਆਫ ਪੋਟਾਸ਼ ਪਾਉ ।

**ਕਮਾਦ** : ਇਸ ਮਹੀਨੇ ਦੇ ਅੱਧ ਤੋਂ ਕਮਾਦ ਦੀ ਬਿਜਾਈ ਸ਼ੁਰੂ ਕਰ ਦਿਉ । ਸਿਫ਼ਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ 118, ਸੀ ਓ ਜੇ 85, ਸੀ ਓ ਜੇ 64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ 98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ 88 (ਦਰਮਿਆਨੀਆਂ, ਪਿਛੇਤੀ ਪੱਕਣ ਵਾਲੀਆਂ) ਕਿਸਮਾਂ ਵਰਤੋਂ । ਬੀਜ ਰੱਤਾ ਰੋਗ, ਸੋਕੜਾ, ਕਾਂਗਿਆਰੀ, ਮਧਰੇਪਣ ਅਤੇ ਘਾਹ ਵਰਗੀਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਵਰਤਣਾ ਚਾਹੀਦਾ ਹੈ । ਸਿਉਂਕ ਦੇ ਹਮਲੇ ਤੋਂ ਬਚਣ ਲਈ ਰੂੜੀ ਦੀ ਗਲੀ-ਸੜੀ ਖਾਦ ਵਰਤੋਂ । ਸਿਉਂਕ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 400 ਲਿਟਰ ਪਾਣੀ ਵਿੱਚ ਘੋਲ ਕੇ ਫੁਹਾਰੇ ਨਾਲ ਸਿਆੜਾ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ ਜਾਂ ਫ਼ਸਲ ਦੇ ਜੰਮ ਪੂਰਾ ਹੋਣ ਤੇ (ਬਿਜਾਈ ਤੋਂ 45 ਦਿਨਾਂ ਬਾਅਦ) 45 ਮਿ.ਲਿ. ਈਮੀਡਾਗੋਲਡ 17.8 ਐਸ ਐਲ ਨੂੰ 400 ਲਿਟਰ ਪਾਣੀ ਵਿੱਚ ਘੋਲ ਦੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ । ਅਗੇਤੀ ਫੋਟ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਦਾਣੇਦਾਰ ਨੂੰ 20 ਕਿਲੋ ਗਿੱਲੀ ਮਿੱਟੀ ਵਿੱਚ ਮਿਲਾ ਕੇ ਗੁੱਲੀਆਂ ਉੱਪਰ ਪਾ ਕੇ ਸੁਹਾਗੇ ਨਾਲ ਗੁੱਲੀਆਂ ਢੱਕ ਦਿਉ ਜਾਂ ਫਿਰ ਫ਼ਸਲ ਉੱਗਣ (ਤਕਰੀਬਨ ਗੁੱਲੀਆਂ ਲਾਉਣ ਤੋਂ 45 ਕੁ ਦਿਨਾਂ ਬਾਅਦ) ਤੇ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ ਨੂੰ 20 ਕਿਲੋ ਰੇਤ ਵਿੱਚ ਮਿਲਾ ਕੇ ਜਾਂ 150 ਗ੍ਰਾਮ ਟਕੂਮੀ 20 ਡਬਲਯੂ ਜੀ ਜਾਂ 150 ਮਿ.ਲਿ. ਕੋਰਾਜਨ / ਸਿਟੀਜਨ 18.5 ਤਾਕਤ ਜਾਂ 2 ਲਿਟਰ ਡਰਮਟ / ਕਲਾਸਿਕ / ਡਰਸਬਾਨ / ਮਾਰਕਪਾਈਰੀਫਾਸ 20 ਤਾਕਤ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਸਿਆੜਾਂ ਦੇ ਨਾਲ-ਨਾਲ ਫੁਹਾਰੇ ਨਾਲ ਪਾ ਕੇ ਹਲਕੀ ਜਿਹੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਤਲਾ ਜਿਹਾ ਪਾਣੀ ਲਾ ਦਿਉ । ਮੌਸਮੀ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ ਐਟਰਾਟਾਫ 50 ਡਬਲਯੂ ਪੀ ਜਾਂ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਜਾਂ ਅਥਾਰਟੀ ਨੈਕਸਟ 58 ਡਬਲਯੂ ਪੀ ਨੂੰ ਕਮਾਦ ਦੀ ਫ਼ਸਲ ਬੀਜਣ ਤੋਂ 2-3 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਗੰਨੇ ਦੀ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ । ਜੇਕਰ ਰੂੜੀ ਜਾਂ ਪ੍ਰੈਸ ਮੱਡ ਪਾਈ ਹੋਵੇ ਤਾਂ ਨਾਈਟਰੋਜਨ ਦੀ ਮਾਤਰਾ 60 ਕਿਲੋ ਪ੍ਰਤੀ ਏਕੜ ਤੋਂ ਘਟਾ ਕੇ 40 ਕਿਲੋ ਪ੍ਰਤੀ ਏਕੜ ਕਰ ਦਿਉ ਪਰੰਤੂ ਹਲਕੀਆਂ ਜ਼ਮੀਨਾਂ ਵਿੱਚ ਖਾਦ ਦੀ ਮਿਕਦਾਰ ਨਾ ਘਟਾਓ । ਫਾਸਫੋਰਸ ਤੱਤ ਮਿੱਟੀ ਪਰਖ ਅਨੁਸਾਰ ਵਰਤੋਂ । ਆਮ ਹਾਲਾਤਾਂ ਵਿੱਚ ਗੰਨੇ ਦੀ ਬਿਜਾਈ ਸਮੇਂ 65 ਕਿਲੋ ਯੂਰੀਆ ਪ੍ਰਤੀ ਏਕੜ ਵਰਤੋਂ । ਇਸ ਤੋਂ ਇਲਾਵਾ ਬਿਜਾਈ ਸਮੇਂ 4 ਕਿਲੋ ਅਜ਼ੋਟੋਬੈਕਟਰ (ਜੀਵਾਣੂ ਖਾਦ) ਪ੍ਰਤੀ ਏਕੜ ਪਾਓ ।

**ਹਰੇ ਚਾਰੇ** : ਜ਼ਮੀਨ ਦੀ ਕਿਸਮ ਅਤੇ ਮੌਸਮ ਨੂੰ ਦੇਖਦੇ ਹੋਏ 15-20 ਦਿਨਾਂ ਦੇ ਫ਼ਰਕ ਤੇ ਬਰਸੀਮ ਅਤੇ ਲੂਸਣ ਦੀ ਫ਼ਸਲ ਨੂੰ ਪਾਣੀ ਦਿੰਦੇ ਰਹੋ । ਜੇਕਰ ਹਰਾ ਚਾਰਾ ਜ਼ਿਆਦਾ ਹੋਵੇ ਤਾਂ ਇਸ ਮਹੀਨੇ ਦੇ ਅਖੀਰ ਵਿੱਚ ਜਾਂ ਮਾਰਚ ਦੇ ਸ਼ੁਰੂ ਵਿੱਚ ਜਵੀਂ ਦੀ ਫ਼ਸਲ ਜਦੋਂ ਦੋਧੀ ਹੋਵੇ ਤਾ ਅਚਾਰ ਬਣਾ ਲਵੋ ।

**ਸਬਜ਼ੀਆਂ**

**ਕੱਦੂ ਜਾਤੀ ਦੀਆਂ ਸਬਜ਼ੀਆਂ** : ਜਦੋਂ ਹੀ ਕੋਰੇ ਦਾ ਖ਼ਤਰਾ ਹੋ ਜਾਵੇ ਤਾਂ ਨਵੰਬਰ-ਦਸੰਬਰ ਵਿੱਚ ਬੀਜੀਆਂ ਗਈਆਂ ਸਬਜ਼ੀਆਂ ਤੋਂ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਉਤਾਰ ਦਿਉ ਅਤੇ ਪਾਣੀ ਦੇ ਦਿਉ । ਨਾਈਟ੍ਰੋਜਨ ਦੀ ਰਹਿੰਦੀ ਅੱਧੀ ਖ਼ੁਰਾਕ ਖਾਲੀਆਂ



ਵਿੱਚ ਪਾ ਕੇ ਮਿੱਟੀ ਚੜ੍ਹਾ ਦਿਉ ਅਤੇ ਫਿਰ ਬੂਟਿਆਂ ਨੂੰ ਕਿਆਰੀਆਂ ਵਿੱਚ ਕਰ ਦਿਉ । ਫਿਰ ਹਫ਼ਤੇ ਵਿੱਚ ਇੱਕ ਵਾਰ ਰੇਤਲੀਆਂ ਜ਼ਮੀਨਾਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਦਸ ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ । 35 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ (ਸਿੰਗਲ) ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਨੂੰ ਉੱਤਰੀ ਪਾਸੇ ਵੱਲ ਪਾ ਕੇ ਖਾਲੀਆਂ ਤਿਆਰ ਕਰੋ । ਬੀਜ ਨਮੀ ਵਾਲੀ ਢੇਰੀ ਦੇ ਦੱਖਣੀ ਦਿਸ਼ਾ ਵੱਲ ਬੀਜੋ । ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿੱਚ ਲਗਾਉਣਾ ਚਾਹੀਦਾ ਹੈ । ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫ਼ਾਫ਼ੇ ਉਤਾਰ ਲਉ । ਘੀਆਂ ਕਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦੂ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ-ਐਚ-51, ਪੰਜਾਬ ਅੰਮ੍ਰਿਤ, ਪੰਜਾਬ ਸਰਦਾ ਅਤੇ ਹਰਾ ਮਧੂ, ਹਦਵਾਣੇ ਦੀ ਪੰਜਾਬ ਮਿਠਾਸ, ਟੀਂਡੇ ਦੀ ਪੰਜਾਬ ਟੀਂਡਾ-1, ਕਰੇਲੇ ਦੀ ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲਾ-15 ਅਤੇ ਪੰਜਾਬ ਕਰੇਲੀ ਨੰ. 1, ਕਾਲੀ ਤੋਰੀ ਦੀ ਪੰਜਾਬ ਨਿਖਾਰ ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਗਜ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ ।

**ਸਾਵਧਾਨੀਆਂ** : ਜਿੰਨ੍ਹਾਂ ਖੇਤਾਂ ਵਿੱਚ ਆਲੂਆਂ ਦੀ ਫ਼ਸਲ ਲਈ ਐਟਰਾਜ਼ੀਨ ਨਦੀਨ ਨਾਸ਼ਕ ਵਰਤੀ ਗਈ ਹੈ ਉੱਥੇ ਕੱਦੂ ਜਾਤੀ ਦੀਆਂ ਫ਼ਸਲਾਂ ਨਾ ਬੀਜੋ ।

**ਮਿਰਚਾਂ ਅਤੇ ਸ਼ਿਮਲਾ ਮਿਰਚ** : ਜਦ ਹੀ ਕੋਰੇ ਦਾ ਖਤਰਾ ਨਾ ਜਾਪੇ ਤਾਂ ਮਿਰਚ ਅਤੇ ਸ਼ਿਮਲਾ ਮਿਰਚ ਦੇ ਖੇਤਾਂ ਵਿੱਚੋਂ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਹਟਾ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ । ਇੱਕ ਹਫ਼ਤੇ ਬਾਅਦ 90 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾ



ਕੇ ਬੂਟਿਆਂ ਦੇ ਮੁੱਢਾਂ ਨਾਲ ਮਿੱਟੀ ਚੜ੍ਹਾ ਦਿਉ । ਮਿਰਚ ਅਤੇ ਸ਼ਿਮਲਾ ਮਿਰਚ ਦੀ ਜਿਹੜੀ ਪਨੀਰੀ ਤਿਆਰ ਕੀਤੀ ਗਈ ਹੈ ਉਹ ਸਿਫ਼ਾਰਸ਼ ਕੀਤੇ ਫ਼ਾਸਲੇ ਦੇ ਖੇਤ ਵਿੱਚ ਲਗਾ ਦਿਉ । ਸ਼ਿਮਲਾ ਮਿਰਚ ਨੂੰ 35 ਕਿਲੋ ਯੂਰੀਆ, 175 ਕਿਲੋ ਸੁਪਰਫਾਸਫੇਟ (ਸਿੰਗਲ) ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਨੂੰ ਪ੍ਰਤੀ ਏਕੜ ਦੇ ਹਿਸਾਬ ਪਾਉ ਅਤੇ ਮਿਰਚ ਦੀ ਫ਼ਸਲ ਨੂੰ 30 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਓ । ਦੋਗਲੀਆਂ ਕਿਸਮਾਂ ਵਾਸਤੇ ਨਾਈਟਰੋਜਨ ਖਾਦ ਵਧਾਈ ਜਾ ਸਕਦੀ ਹੈ । ਪਨੀਰੀ ਲਾਉਣ ਤੋਂ ਫੌਰਨ ਬਾਅਦ ਪਹਿਲਾ ਪਾਣੀ ਦੇ ਦਿਉ ਅਤੇ ਇੱਕ ਪਾਣੀ ਹਫ਼ਤੇ ਤੋਂ ਬਾਅਦ ਦਿਉ । 7-10 ਦਿਨਾਂ ਬਾਅਦ ਖੇਤ ਵਿੱਚ ਖਾਲੀ ਥਾਂ ਦੇਖ ਕੇ ਫਿਰ ਬੂਟੇ ਲਗਾ ਦਿਉ ਤਾਂ ਜੋ ਖੇਤ ਵਿੱਚ ਬੂਟੇ ਪੂਰੇ ਹੋ ਜਾਣ ।


**ਬੈਂਗਣ** : ਜਦ ਕੋਰੇ ਦਾ ਮੌਸਮ ਖ਼ਤਮ ਹੋ ਜਾਵੇ ਤਾਂ ਦੁਪਹਿਰ ਤੋਂ ਬਾਅਦ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਉਤਾਰ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ । ਇੱਕ ਹਫ਼ਤੇ ਬਾਅਦ 55 ਕਿਲੋ ਯੂਰੀਆ ਖਾਦ ਪਾਉ ਅਤੇ ਬੂਟਿਆਂ ਦੇ ਮੁੱਢਾਂ ਤੇ



ਮਿੱਟੀ ਵੀ ਚੜ੍ਹਾ ਦਿਉ । ਬੀ ਐਚ-2, ਪੀ ਬੀ ਐਚ-3, ਪੀ ਬੀ ਐਚ-4, ਪੀ ਵੀ ਐਚ-5, ਪੀ ਵੀ ਐਚ-6, ਪੀ ਵੀ ਐਚ ਆਰ-41, ਪੀ ਵੀ ਐਚ ਆਰ-42, ਪੰਜਾਬ ਭਰਪੂਰ, ਪੰਜਾਬ ਹਿੰਮਤ ਅਤੇ ਪੰਜਾਬ ਰੌਣਕ ਕਿਸਮ ਦੀ ਪਨੀਰੀ ਖੇਤ ਵਿੱਚ ਲਗਾ ਦਿਉ । ਖੇਤ ਵਿੱਚ 10 ਟਨ ਰੂੜੀ ਪਾਉ ਅਤੇ 55 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਛੱਟੇ ਨਾਲ ਪਾ ਦਿਉ । ਹਫਤੇ ਬਾਅਦ ਖਾਲੀ ਥਾਂ ਭਰ ਦਿਉ ਅਤੇ ਪਾਣੀ ਦੇ ਦਿਉ ।

**ਭਿੰਡੀ** : ਖੇਤ ਤਿਆਰ ਕਰਕੇ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ । ਵੱਟਾਂ ਬਣਾ ਲਉ ਅਤੇ ਪਾਣੀ ਦੇ ਦਿਉ । ਇਹ ਬੀਜ 45 ਸੈਂਟੀਮੀਟਰ ਵੱਟਾਂ ਦੇ ਫ਼ਾਸਲੇ ਤੇ 15 ਸੈਂਟੀਮੀਟਰ ਦੀ ਦੂਰੀ ਤੇ ਬੀਜ ਦਿਉ । ਵੱਟਾਂ ਤੇ ਬੀਜ ਜਲਦੀ ਉੱਗਣਗੇ ਅਤੇ ਵਧੀਆ ਫ਼ਸਲ ਹੋਵੇਗੀ । ਇਸ ਸਮੇਂ ਬੀਜਣ ਲਈ ਪੰਜਾਬ ਲਾਲਿਮਾ ਅਤੇ ਪੰਜਾਬ ਸੁਹਾਵਨੀ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ।

**ਟਮਾਟਰ** : ਕੋਰੇ ਦਾ ਮੌਸਮ ਖ਼ਤਮ ਹੋਣ ਤੇ ਦੁਪਹਿਰ ਤੋਂ ਬਾਅਦ ਸਰਕੰਡਾ ਅਤੇ ਪਲਾਸਟਿਕ ਉਤਾਰ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ । ਇੱਕ ਹਫ਼ਤੇ ਬਾਅਦ ਇੱਕ ਕਿਲੋ ਕਿਸਾਨ ਖਾਦ ਪ੍ਰਤੀ ਏਕੜ ਦੇ ਹਿਸਾਬ ਪਾਉ । ਗੋਡੀ ਨਾਲ ਨਦੀਨ



ਖ਼ਤਮ ਕਰ ਦਿਉ ਅਤੇ ਬੂਟਿਆਂ ਦੇ ਮੁੱਢਾਂ ਤੋਂ 7 ਤੋਂ 10 ਦਿਨਾਂ ਬਾਅਦ ਪਾਣੀ ਦਿੰਦੇ ਰਹੋ । ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਫ਼ਸਲ ਤੇ 600 ਗ੍ਰਾਮ ਇੰਡੋਫਿਲ ਐਮ-45 ਨੂੰ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਪਾ ਕੇ 7 ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ ।

**ਗੰਢੇ** : ਜਾਮਨੀ ਧੱਬਿਆਂ ਦੀ ਬੀਮਾਰੀ ਨਜ਼ਰ ਆਉਣ ਤੇ ਗੰਢਿਆਂ ਦੀ ਫ਼ਸਲ ਤੇ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫਿਲ ਐਮ-45 ਅਤੇ 200 ਮਿਲੀਲਿਟਰ ਟਰਾਈਟੋਨ ਨਾਲ ਜਾਂ ਅਲਸੀ ਦੇ ਤੇਲ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਦਸ ਦਿਨਾਂ ਦੇ ਵਕਫ਼ੇ ਤੇਤਿੰਨ ਛਿੜਕਾਅ ਕਰੋ ।

**ਬਾਗਬਾਨੀ**

1. ਸਦਾ ਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ ਦੇ ਬੂਟੇ ਅੰਬ, ਅਮਰੂਦ, ਲੁਕਾਠ ਅਤੇ ਬੇਰ ਆਦਿ ਨੂੰ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਲਗਾਇਆ ਜਾ ਸਕਦਾ ਹੈ । ਪਰ ਇਨ੍ਹਾਂ ਦੀ ਲੁਆਈ ਲਈ ਜੁਲਾਈ-ਸਤੰਬਰ ਦਾ ਸਮਾਂ ਜ਼ਿਆਦਾ ਢੁੱਕਵਾਂ ਰਹਿੰਦਾ ਹੈ ।
2. ਇਹ ਸਮਾਂ ਰਸਾਇਣਿਕ ਖਾਦਾਂ ਪਾਉਣ ਲਈ ਢੁੱਕਵਾਂ ਹੈ । ਸਿਫ਼ਾਰਿਸ਼ਾਂ ਮੁਤਾਬਿਕ ਫਲਦਾਰ ਬੂਟਿਆਂ ਨੂੰ ਰਸਾਇਣਿਕ ਖਾਦਾਂ ਪਾਓ । ਖਾਦ ਪਾਉਂਦੇ ਸਮੇਂ ਧਿਆਨ ਰੱਖੋ ਕਿ ਬੂਟੇ ਦੇ ਹੇਠਾਂ ਖਾਦ ਇੱਕਸਾਰ ਪਵੇ ਅਤੇ ਫਿਰ ਖਾਦਾਂ ਨੂੰ ਹਲਕੀ ਗੋਡੀ ਕਰਕੇ ਮਿੱਟੀ ਵਿੱਚ ਰਲਾ ਦਿਉ ।
3. ਠੰਡ ਤੋਂ ਬਚਾਉਣ ਲਈ ਛੋਟੇ ਫਲਦਾਰ ਬੂਟਿਆਂ ਉੱਪਰ ਕੀਤਾ ਛੋਰਾ ਅਜੇ ਬਰਕਰਾਰ ਰੱਖੋ ਅਤੇ ਗਰਮੀ ਦੇ ਵੱਧਣ ਨਾਲ ਹੌਲੀ-ਹੌਲੀ ਫਰਵਰੀ ਦੇ ਅਖੀਰ ਤੱਕ ਉਤਾਰ ਦਿਉ ।

ਚੱਲਦਾ


## ਸ਼ਹਿਰੀ ਰੁੱਖਾਂ ਨੂੰ ਬਚਾਉਣ ਵਾਲੇ ਐਕਟ ਦਾ ਪੰਜਾਬ ਸਰਕਾਰ ਵੱਲੋਂ ਖਰੜਾ ਤਿਆਰ

### ਰੁੱਖਾਂ ਦੀ ਗੈਰ-ਕਾਨੂੰਨੀ ਕਟਾਈ ਕਰਨ ’ਤੇ 10,000 ਤੱਕ ਹੋ ਸਕਦਾ ਹੈ ਜ਼ੁਰਮਾਨਾ

ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ. ਜੀ. ਟੀ.) ਦੀ ਹਦਾਇਤ ’ਤੇ ਪੰਜਾਬ ਸਰਕਾਰ ਨੇ ਹੁਣ ਸ਼ਹਿਰੀ ਰੁੱਖਾਂ ਨੂੰ ਬਚਾਉਣ ਲਈ ਐਕਟ ਦਾ ਖਰੜਾ ਤਿਆਰ ਕਰ ਦਿੱਤਾ ਹੈ, ਜਿਸ ਤਹਿਤ ਨਾ ਸਿਰਫ਼ ਰੁੱਖਾਂ ਨੂੰ ਗੈਰ-ਕਾਨੂੰਨੀ ਤਰੀਕ ਨਾਲ ਕੱਟਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਕੇ ਉਨ੍ਹਾਂ ਨੂੰ 10 ਹਜ਼ਾਰ ਤੱਕ ਦਾ ਜ਼ੁਰਮਾਨਾ ਵੀ ਹੋ ਸਕਦਾ ਹੈ, ਸਗੋਂ ਪੰਜਾਬ ਸਰਕਾਰ ਵੱਲੋਂ ਹਰ ਜ਼ਿਲ੍ਹੇ ਵਿੱਚ ਟ੍ਰੀਜ਼ ਅਫ਼ਸਰ ਨਿਯੁਕਤ ਕੀਤੇ ਜਾਣਗੇ । ਪੰਜਾਬ ਪ੍ਰੋਟੈਕਸ਼ਨ ਆਫ਼ ਟ੍ਰੀਜ਼ ਐਕਟ-2025 ਦੇ ਨਾਂਅ ’ਤੇ ਇਹ ਖਰੜਾ ਤਿਆਰ ਕੀਤਾ ਗਿਆ ਹੈ । ਜਲੰਧਰ ਦੇ ਵਾਤਾਵਰਨ ਪ੍ਰੇਮੀ ਅਤੇ ਸਮਾਜ ਸੇਵਕ ਤੇਜੱਸਵੀ ਮਿਨਹਾਸ ਨੇ ਰਾਜ ਭਰ ਵਿੱਚ ਸ਼ਹਿਰੀ ਰੁੱਖਾਂ ਨੂੰ ਬਚਾਉਣ ਲਈ ਖਰੜੇ ਨੂੰ ਤਿਆਰ ਕਰਵਾਉਣ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ । ਇਹ ਐਕਟ ਇੱਕ ਵੱਡੀ ਨੀਤੀਗਤ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ, ਕਿਉਂਕਿ ਪੰਜਾਬ ਵਿੱਚ ਪਹਿਲਾਂ ਗੈਰ-ਜੰਗਲਾਤ ਅਤੇ ਸ਼ਹਿਰੀ ਜ਼ਮੀਨ ’ਤੇ ਰੁੱਖਾਂ ਦੀ ਸੁਰੱਖਿਆ ਲਈ ਕੋਈ ਕਾਨੂੰਨ ਨਹੀਂ ਸੀ । ਮਿਨਹਾਸ ਨੇ ਸ਼ਹਿਰੀ ਖੇਤਰਾਂ ਵਿੱਚ ਦਰਖਤਾਂ ਦੀ ਵਿਆਪਕ ਗੈਰ-



ਕਾਨੂੰਨੀ ਕਟਾਈ ਨੂੰ ਉਜਾਗਰ ਕਰਨ ਵਾਲੀਆਂ ਕਈ ਪਟੀਸ਼ਨਾਂ ਰਾਹੀਂ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ. ਜੀ. ਟੀ.) ਦੇ ਪ੍ਰਿੰਸੀਪਲ ਬੈਂਚ ਕੋਲ ਪਹੁੰਚ ਕੀਤੀ ਸੀ । ਐਨ. ਜੀ. ਟੀ. ਨੇ 27 ਫ਼ਰਵਰੀ 2025 ਦੇ ਆਪਣੇ ਆਦੇਸ਼ ਵਿੱਚ ਪੰਜਾਬ ਸਰਕਾਰ ਨੂੰ ਗੈਰ-ਜੰਗਲਾਤ ਜ਼ਮੀਨ ’ਤੇ ਰੁੱਖਾਂ ਦੀ ਕਟਾਈ ਨੂੰ ਨਿਯਮਤ ਕਰਨ ਵਾਲੇ ਕਾਨੂੰਨੀ ਢਾਂਚੇ ਨੂੰ ਸਪੱਸ਼ਟ ਕਰਨ ਦਾ ਨਿਰਦੇਸ਼ ਦਿੱਤਾ ਸੀ । ਟ੍ਰਿਬਿਊਨਲ ਨੇ ਦੇਖਿਆ ਕਿ ਮੌਜੂਦਾ ਰੁੱਖ ਸੰਭਾਲ ਨੀਤੀ ਵਿੱਚ ਕਾਨੂੰਨੀ ਸਮਰਥਨ, ਲਾਗੂ ਕਰਨ ਯੋਗਤਾ ਵਿਧੀਆਂ ਅਤੇ ਸਪੱਸ਼ਟ ਦੰਡ ਪ੍ਰਬੰਧਾਂ ਦੀ ਘਾਟ ਹੈ । ਜਿਸ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰੀਆਂ ’ਤੇ ਜ਼ਿੰਮੇਵਾਰੀ ਨਿਰਧਾਰਿਤ ਕਰਨ ਵਿੱਚ ਨੀਤੀ ਅਸਪਸ਼ਟ ਸੀ ਅਤੇ ਇਸ ਨੂੰ ਗੈਰ-ਕਾਨੂੰਨੀ ਕਟਾਈ ਨੂੰ ਰੋਕਣ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਨਹੀਂ ਮੰਨਿਆ ਜਾ ਸਕਦਾ । ਹੁਣ ਰੱਦ ਕੀਤੀ ਗਈ ਰੁੱਖ ਸੰਭਾਲ ਨੀਤੀ ਨੂੰ ਮਿਨਹਾਸ ਨੇ ਟ੍ਰਿਬਿਊਨਲ ਦੇ ਸਾਹਮਣੇ ਇਸ ਆਧਾਰ ’ਤੇ ਚੁਣੌਤੀ ਦਿੱਤੀ ਸੀ ਕਿ ਇਹ ਕਮਜ਼ੋਰ, ਲਾਗੂ ਨਾ ਹੋਣ ਯੋਗ ਅਤੇ ਵੱਡੇ ਪੱਧਰ ’ਤੇ ਪ੍ਰਤੀਕਾਤਮਿਕ ਸੀ । ਕਾਰਵਾਈ ਦੌਰਾਨ ਐਨ. ਜੀ. ਟੀ. ਨੇ ਅਧਿਕਾਰੀਆਂ ਨੂੰ ਤਲਬ ਕੀਤਾ, ਜਿਨ੍ਹਾਂ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਵਿੱਚ ਸ਼ਹਿਰੀ ਰੁੱਖਾਂ ਦੀ ਸੁਰੱਖਿਆ ਲਈ ਕੋਈ ਖ਼ਾਸ ਕਾਨੂੰਨ ਮੌਜੂਦ ਨਹੀਂ ਹੈ । ਟ੍ਰਿਬਿਊਨਲ ਨੇ ਬਾਅਦ ਵਿੱਚ ਰਾਜ ਸਰਕਾਰ ਨੂੰ ਇਸ ਸੰਬੰਧ ਵਿੱਚ ਢੁਕਵੇਂ ਕਾਨੂੰਨ ਬਣਾਉਣ ਦੇ ਨਿਰਦੇਸ਼ ਦਿੱਤੇ ਸਨ, ਜਿਸ ’ਤੇ ਅਦਾਲਤ ਨੂੰ ਹਰਿਆਲੀ ਨੂੰ ਸੁਰੱਖਿਅਤ ਰੱਖਣ ਅਤੇ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਭਰੋਸਾ ਦਿੰਦੇ ਹੋਏ ਅਧਿਕਾਰੀ ਨੇ ਕਾਨੂੰਨ ਦੀ ਅਣਹੋਂਦ ਦਾ ਹਵਾਲਾ ਦਿੱਤਾ ਅਤੇ ਇਸ ਮੁੱਦੇ ਨੂੰ ਹੱਲ ਕਰਨ ਲਈ ਛੇ ਮਹੀਨਿਆਂ ਦਾ ਸਮਾਂ ਮੰਗਿਆ ਸੀ । ਸੁਣਵਾਈ ਦੌਰਾਨ ਤੇਜੱਸਵੀ ਮਿਨਹਾਸ ਨੇ ਦਲੀਲ ਦਿੱਤੀ ਕਿ ਰਾਜ ਦੇ ਪਹੁੰਚ ਵਿੱਚ ਗੰਭੀਰਤਾ ਦੀ ਘਾਟ ਹੈ ਅਤੇ ਗੈਰ-ਜੰਗਲਾਤ ਸਰਕਾਰੀ ਅਤੇ ਜਨਤਕ ਜ਼ਮੀਨਾਂ ਲਈ 2024 ਦੀ ਨੀਤੀ ਨੂੰ ਨਾਕਾਫ਼ੀ ਦੱਸਿਆ । ਟ੍ਰਿਬਿਊਨਲ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਸਰਕਾਰ ਨੇ ਹੁਣ ਪੰਜਾਬ ਪ੍ਰੋਟੈਕਸ਼ਨ ਆਫ਼ ਟ੍ਰੀਜ਼ ਐਕਟ 2025 ਦਾ ਖਰੜਾ ਤਿਆਰ ਕੀਤਾ ਹੈ । ਐਕਟ ਦੇ ਮੁੱਖ ਉਪਬੰਧਾਂ ਵਿੱਚ ਹਰੇਕ ਜ਼ਿਲ੍ਹੇ ਵਿੱਚ ਇੱਕ ਮਨੋਨੀਤ ਟ੍ਰੀਜ਼ ਅਫ਼ਸਰ ਦੀ ਨਿਯੁਕਤੀ, ਰੁੱਖਾਂ ਨੂੰ ਕੱਟਣ, ਜਾਂ ਕੱਟਣ ਲਈ ਇੱਕ ਲਾਜ਼ਮੀ ਇਜਾਜ਼ਤ ਪ੍ਰਣਾਲੀ ਅਤੇ ਗੈਰ-ਕਾਨੂੰਨੀ ਕਟਾਈ ਲਈ 10,000 ਤੱਕ ਦਾ ਜ਼ੁਰਮਾਨਾ ਕਰਨਾ ਸ਼ਾਮਿਲ ਹੈ । ਇਸ ਬਾਰੇ ਜਾਣਕਾਰੀ ਦਿੰਦੇ ਹੋਏ ਤੇਜੱਸਵੀ ਮਿਨਹਾਸ ਨੇ ਕਿਹਾ ਕਿ ਭਾਵੇਂ ਇਹ ਕਾਨੂੰਨ ਕਮੀਆਂ ਤੋਂ ਬਿਨਾਂ ਨਹੀਂ ਹੈ ਪਰ ਇਹ ਪੰਜਾਬ ਦੇ ਸ਼ਹਿਰੀ ਹਰਿਆਲੀ ਦੀ ਰੱਖਿਆ ਵੱਲ ਇੱਕ ਸਕਾਰਾਤਮਿਕ ਅਤੇ ਜ਼ਰੂਰੀ ਕਦਮ ਦਰਸਾਉਂਦਾ ਹੈ ਤੇ ਖਰੜਾ ਤਿਆਰ ਹੋਣ ’ਤੇ ਉਨ੍ਹਾਂ ਨੇ ਸਰਕਾਰੀ ਫ਼ੈਸਲੇ ਦੀ ਸ਼ਲਾਘਾ ਵੀ ਕੀਤੀ ।



RNI/PUNPUN00806 (42269/83) Postage Registered No. PB/PTA/0338/2025-2027

# ਦੇਸ਼ ਦੇ 3 ਕਰੋੜ ਕਿਸਾਨ ਪਰਿਵਾਰ ਨਹੀਂ ਵੇਚਦੇ ਹਨ ਦੁੱਧ, ਗੋਹੇ, ਫ਼ਸਲਾਂ ਅਤੇ ਪਸ਼ੂਆਂ ਦੀ ਵਿਕਰੀ 'ਤੇ ਟਿਕਿਆ ਹੈ ਪਸ਼ੂ ਪਾਲਣ !

ਕੌਂਸਲ ਆਨ ਐਨਰਜੀ, ਐਨਵਾਇਰਨਮੈਂਟ ਐਂਡ ਵਾਟਰ (ਸੀ. ਈ. ਈ. ਡਬਲਿਊ.) ਵੱਲੋਂ ਹਾਲ ਹੀ ਵਿੱਚ ਜਾਰੀ ਇੱਕ ਅਹਿਮ ਅਧਿਐਨ ਨੇ ਦੇਸ਼ ਦੀ ਡੇਅਰੀ ਨੀਤੀ ਅਤੇ ਪਸ਼ੂ ਪਾਲਣ ਦੀ ਸੋਚ 'ਤੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਸਟੱਡੀ ਮੁਤਾਬਕ ਭਾਰਤ ਵਿੱਚ ਇੱਕ ਤਿਹਾਈ ਤੋਂ ਵੱਧ ਪਸ਼ੂ ਪਾਲਕ ਦੁੱਧ ਵੇਚਣ ਨੂੰ ਤਰਜੀਹ ਨਹੀਂ ਦਿੰਦੇ, ਸਗੋਂ ਗੋਹੇ, ਖੇਤੀ ਵਿੱਚ ਪਸ਼ੂਆਂ ਦੀ ਤਾਕਤ ਅਤੇ ਜਾਨਵਰਾਂ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਨੂੰ ਜ਼ਿਆਦਾ ਅਹਿਮ ਮੰਨਦੇ ਹਨ। 'ਕੈਟਲ ਐਂਡ ਕਮਿਊਨਿਟੀ ਇਨ ਏ ਚੇਂਜਿੰਗ ਕਲਾਈਮੇਟ' ਨਾਮਕ ਇਸ ਅਧਿਐਨ ਵਿੱਚ ਅਨੁਮਾਨ ਲਾਇਆ ਗਿਆ ਹੈ ਕਿ ਕਰੀਬ 38 ਫ਼ੀਸਦੀ ਪਸ਼ੂ ਪਾਲਕ ਭਾਵ ਲੱਗਭਗ 3 ਕਰੋੜ ਪਰਿਵਾਰ, ਦੁੱਧ ਨਹੀਂ ਵੇਚਦੇ ਹਨ। ਇਨ੍ਹਾਂ ਵਿੱਚ 31 ਫ਼ੀਸਦੀ ਪਰਿਵਾਰ ਸਿਰਫ਼ ਘਰੇਲੂ ਵਰਤੋਂ ਲਈ ਦੁੱਧ ਦੀ ਵਰਤੋਂ ਕਰਦੇ ਹਨ, ਜਦਕਿ ਕਰੀਬ 56 ਲੱਖ ਪਰਿਵਾਰ ਅਜਿਹੇ ਹਨ, ਜੋ ਦੁੱਧ ਨਾਲ ਜੁੜੇ ਕਿਸੇ ਵੀ ਉਦੇਸ਼ ਤੋਂ ਬਿਨਾਂ ਹੀ ਪਸ਼ੂ ਪਾਲਦੇ ਹਨ।

### ਝਾਰਖੰਡ ਸਭ ਤੋਂ ਅੱਗੇ, ਬੰਗਾਲ-ਹਿਮਾਚਲ ਵੀ ਪਿੱਛੇ ਨਹੀਂ

ਅਧਿਐਨ ਅਨੁਸਾਰ ਝਾਰਖੰਡ ਵਿੱਚ 71 ਫ਼ੀਸਦੀ ਪਸ਼ੂ ਪਾਲਕ ਦੁੱਧ ਦੀ ਵਿਕਰੀ ਨੂੰ ਤਰਜੀਹ ਨਹੀਂ ਦਿੰਦੇ। ਉੱਥੇ ਹੀ ਪੱਛਮੀ ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਵਿੱਚ ਇਹ ਅੰਕੜਾ 50 ਫ਼ੀਸਦੀ ਤੋਂ ਵੱਧ ਹੈ। ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ ਵਿੱਚ ਪੂਰੀ ਤਰ੍ਹਾਂ ਗੈਰ-ਦੁੱਧ ਉਦੇਸ਼ਾਂ ਲਈ ਪਸ਼ੂ ਪਾਲਣ ਵਾਲਿਆਂ ਦੀ ਹਿੱਸੇਦਾਰੀ ਕਰੀਬ 15 ਫ਼ੀਸਦੀ ਤੱਕ ਪਹੁੰਚ ਗਈ ਹੈ। ਭਾਰਤ ਵਿੱਚ ਦੁੱਧ 8 ਕਰੋੜ ਤੋਂ ਵੱਧ ਲੋਕਾਂ ਦੀ ਰੋਜ਼ੀ-ਰੋਟੀ ਦਾ ਆਧਾਰ ਹੈ ਅਤੇ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ.) ਵਿੱਚ ਇਸ ਦਾ ਯੋਗਦਾਨ ਕਰੀਬ 8 ਫ਼ੀਸਦੀ ਹੈ। ਇਸ ਦੇ ਬਾਵਜੂਦ ਮੌਜੂਦਾ ਡੇਅਰੀ ਨੀਤੀਆਂ ਮੁੱਖ ਤੌਰ 'ਤੇ ਦੁੱਧ ਉਤਪਾਦਨ ਅਤੇ ਉਤਪਾਦਕਤਾ ਵਧਾਉਣ 'ਤੇ ਕੇਂਦ੍ਰਿਤ ਹਨ, ਜਦਕਿ ਪੇਂਡੂ ਆਰਥਿਕਤਾ ਵਿੱਚ ਪਸ਼ੂਆਂ ਦੀਆਂ ਗੈਰ-ਬਾਜ਼ਾਰੀ ਭੂਮਿਕਾਵਾਂ ਨੂੰ ਅਕਸਰ ਨਜ਼ਰ-ਅੰਦਾਜ਼ ਕੀਤਾ ਗਿਆ ਹੈ।

### 15 ਸੂਬਿਆਂ ਵਿੱਚ ਸਰਵੇਖਣ, 91 ਫ਼ੀਸਦੀ ਪਸ਼ੂ ਕਵਰ

ਅਧਿਐਨ ਦੇ ਸਿੱਟੇ ਦੱਸਦੇ ਹਨ ਕਿ ਭਾਰਤ ਵਿੱਚ ਪਸ਼ੂ ਪਾਲਣ ਸਿਰਫ ਦੁੱਧ ਆਧਾਰਿਤ ਕਾਰੋਬਾਰ ਨਹੀਂ, ਸਗੋਂ ਇੱਕ ਗੁੰਝਲਦਾਰ ਰੋਜ਼ੀ-ਰੋਟੀ ਪ੍ਰਣਾਲੀ ਹੈ, ਜੋ ਛੋਟੇ ਕਿਸਾਨਾਂ ਅਤੇ ਜਲਵਾਯੂ ਤਣਾਅ ਦੇ ਦੌਰ ਵਿੱਚ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਇਹ ਅਧਿਐਨ 15 ਸੂਬਿਆਂ ਵਿੱਚ 7,300 ਤੋਂ ਵੱਧ ਪਸ਼ੂ ਪਾਲਕ ਪਰਿਵਾਰਾਂ ਦੇ ਸਰਵੇਖਣ 'ਤੇ ਆਧਾਰਿਤ ਹੈ, ਜੋ ਦੇਸ਼ ਦੀ 91 ਫ਼ੀਸਦੀ ਗਊਵੰਸ਼ ਆਬਾਦੀ (ਗਾਂ, ਮੱਝ, ਬਲਦ ਅਤੇ ਸਾਨ੍ਹ) ਦੀ ਅਗਵਾਈ ਕਰਦਾ ਹੈ। 15 ਵਿੱਚੋਂ 9 ਸੂਬਿਆਂ ਵਿੱਚ ਅੱਧ ਤੋਂ ਵੀ ਘੱਟ ਪਸ਼ੂ ਪਾਲਕਾਂ ਨੇ ਦੁੱਧ ਦੀ ਵਿਕਰੀ ਨੂੰ ਪਸ਼ੂ ਪਾਲਣ ਦਾ ਮੁੱਖ ਕਾਰਨ ਦੱਸਿਆ।

### ਦੇਸੀ ਪਸ਼ੂਆਂ ਦੀ ਅਹਿਮ ਭੂਮਿਕਾ

ਇਸ ਤੋਂ ਇਹ ਸਾਫ਼ ਹੁੰਦਾ ਹੈ ਕਿ ਦੇਸੀ ਪਸ਼ੂ ਘਰੇਲੂ ਪੋਸ਼ਣ, ਗੋਹੇ ਅਤੇ ਖੇਤੀ ਵਿੱਚ ਵਰਤੋਂ ਵਰਗੀਆਂ ਗੈਰ-ਬਾਜ਼ਾਰੀ ਲੋੜਾਂ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ, ਖਾਸ ਕਰ ਕੇ ਇੰਟੀਗ੍ਰੇਟਿਡ ਫਾਰਮਿੰਗ ਸਿਸਟਮ ਵਿੱਚ। ਸੀ. ਈ. ਈ. ਡਬਲਊ. ਦੇ ਫੈਲੋ ਅਤੇ ਡਾਇਰੈਕਟਰ ਅਭਿਸ਼ੇਕ ਜੈਨ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਦੀਆਂ ਹਕੀਕਤਾਂ ਨੂੰ ਸਮਝਦੇ ਹੋਏ ਇੱਕੋ ਜਿਹੀ ਡੇਅਰੀ ਰਣਨੀਤੀ ਦੀ ਬਜਾਏ ਲਚਕਦਾਰ ਅਤੇ ਜ਼ਮੀਨੀ ਨੀਤੀਆਂ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਸਰਕਾਰੀ ਨਿਵੇਸ਼ ਪ੍ਰਭਾਵਸ਼ਾਲੀ ਹੋਵੇਗਾ,



ਸਗੋਂ ਦੇਸ਼ ਵਿੱਚ ਪਸ਼ੂ ਪਾਲਣ ਦੀਆਂ ਪਰੰਪਰਾਵਾਂ ਵੀ ਸੁਰੱਖਿਅਤ ਰਹਿਣਗੀਆਂ।

### ਅੱਧੇ ਪਸ਼ੂ ਪਾਲਕਾਂ ਕੋਲ ਸਿਰਫ 1-2 ਜਾਨਵਰ

ਸਟੱਡੀ ਮੁਤਾਬਕ ਦੇਸ਼ ਦੇ 50 ਫ਼ੀਸਦੀ ਪੇਂਡੂ ਪਸ਼ੂ ਪਾਲਕਾਂ ਕੋਲ ਸਿਰਫ ਇੱਕ ਜਾਂ ਦੋ ਜਾਨਵਰ ਹਨ। ਛੋਟੇ ਝੁੰਡ ਪਹਾੜੀ, ਮੱਧ ਅਤੇ ਪੂਰਬੀ ਭਾਰਤ ਵਿੱਚ ਜ਼ਿਆਦਾ ਹਨ, ਜਦਕਿ ਵੱਡੇ ਝੁੰਡ ਗੁਜਰਾਤ, ਰਾਜਸਥਾਨ, ਮਹਾਰਾਸ਼ਟਰ, ਤਾਮਿਲਨਾਡੂ ਅਤੇ ਪੰਜਾਬ ਵਿੱਚ ਪਾਏ ਜਾਂਦੇ ਹਨ। ਕਰੀਬ 82 ਫ਼ੀਸਦੀ ਪਸ਼ੂ ਪਾਲਕਾਂ ਕੋਲ ਸਿਰਫ ਇੱਕ ਹੀ ਕਿਸਮ ਦਾ ਪਸ਼ੂ ਹੈ। ਇਸ ਨਾਲ ਸਰਕਾਰੀ ਯੋਜਨਾਵਾਂ ਨੂੰ ਟਾਰਗੇਟ ਕਰਨਾ ਆਸਾਨ ਹੁੰਦਾ ਹੈ ਪਰ ਜਲਵਾਯੂ ਅਤੇ ਆਰਥਿਕ ਝਟਕਿਆਂ ਪ੍ਰਤੀ ਜੋਖਮ ਵੀ ਵੱਧ ਜਾਂਦਾ ਹੈ। ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਸੂਬਿਆਂ ਵਿੱਚ ਵੀ 30 ਫ਼ੀਸਦੀ ਤੋਂ ਵੱਧ ਪਸ਼ੂ ਪਾਲਕ ਦੁੱਧ ਦੀ ਬਜਾਏ ਗੋਹੇ ਅਤੇ ਪਸ਼ੂਆਂ ਦੀ ਤਾਕਤ ਨੂੰ ਤਰਜੀਹ ਦਿੰਦੇ ਹਨ। ਉੱਥੇ ਹੀ ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਆਸਾਮ ਵਿੱਚ 15 ਫ਼ੀਸਦੀ ਤੋਂ ਵੱਧ ਲੋਕ ਸਮਾਜਿਕ-ਸੱਭਿਆਚਾਰਕ ਅਤੇ ਧਾਰਮਿਕ ਕਾਰਨਾਂ ਕਰ ਕੇ ਪਸ਼ੂ ਪਾਲਦੇ ਹਨ।

### ਪੰਜਾਬ, ਹਿਮਾਚਲ ਵਿੱਚ ਚਾਰਾ ਸੰਕਟ ਵੱਡੀ ਚੁਣੌਤੀ

ਕੁੱਲ ਦੁੱਧ ਉਤਪਾਦਨ ਵਿੱਚ ਛੋਟੇ ਪਸ਼ੂ ਪਾਲਕਾਂ ਦਾ ਯੋਗਦਾਨ ਸਿਰਫ 29 ਫ਼ੀਸਦੀ ਅਤੇ ਦੁੱਧ ਦੀ ਵਿਕਰੀ ਵਿੱਚ 22 ਫ਼ੀਸਦੀ ਰਿਹਾ। ਇਸ ਦਾ ਕਾਰਨ ਪਸ਼ੂਆਂ ਦੀ ਘੱਟ ਗਿਣਤੀ, ਚਾਰੇ ਦੀ ਕਮੀ ਅਤੇ ਖੇਤਰੀ ਜਲਵਾਯੂ ਹਾਲਾਤ ਦੱਸੇ ਗਏ ਹਨ। ਲੱਗਭਗ 75 ਫ਼ੀਸਦੀ ਪਸ਼ੂ ਪਾਲਕਾਂ ਨੇ ਸਸਤੇ ਚਾਰੇ ਦੀ ਉਪਲੱਬਧਤਾ ਨੂੰ ਸਭ ਤੋਂ ਵੱਡੀ ਸਮੱਸਿਆ ਦੱਸਿਆ। ਪੰਜਾਬ, ਹਿਮਾਚਲ ਅਤੇ ਗੁਜਰਾਤ ਵਿੱਚ ਚਾਰਾ ਮਹਿੰਗਾ ਹੋਣਾ ਵੱਡੀ ਚਿੰਤਾ ਹੈ, ਜਦਕਿ ਆਸਾਮ, ਮੱਧ ਪ੍ਰਦੇਸ਼ ਅਤੇ ਓਡਿਸ਼ਾ ਵਿੱਚ ਚਰਾਗਾਹਾਂ ਘਟਣ ਦੀ ਸ਼ਿਕਾਇਤ ਸਾਹਮਣੇ ਆਈ ਹੈ।

### ਤਕਨੀਕੀ ਉਪਾਅ ਅਪਣਾਉਣ ਵਿੱਚ ਸੁਸਤੀ

ਸਾਈਲੇਜ ਅਤੇ ਰਾਸ਼ਨ ਬੈਲੇਂਸਿੰਗ ਵਰਗੇ ਜ਼ਰੂਰੀ ਫੀਡਿੰਗ ਉਪਾਅ ਅਪਣਾਉਣ ਦੀ ਦਰ ਸਿਰਫ 5 ਫ਼ੀਸਦੀ ਰਹੀ। ਸੀ. ਈ. ਈ. ਡਬਲਊ. ਦੀ ਪ੍ਰੋਗਰਾਮ ਐਸੋਸੀਏਟ ਰੁਚਿਕਾ ਗੋਇਲ ਨੇ ਕਿਹਾ ਕਿ ਬਿਹਤਰ ਵਿਸਥਾਰ ਸੇਵਾਵਾਂ ਅਤੇ ਚਾਰਾ ਸਪਲਾਈ ਚੇਨ ਮਜ਼ਬੂਤ ਕਰ ਕੇ ਛੋਟੇ ਪਸ਼ੂ ਪਾਲਕਾਂ ਨੂੰ ਤੁਰੰਤ ਰਾਹਤ ਦਿੱਤੀ ਜਾ ਸਕਦੀ ਹੈ। ਸਟੱਡੀ ਵਿੱਚ ਸਾਹਮਣੇ ਆਇਆ ਕਿ 54 ਫ਼ੀਸਦੀ ਮੱਝ ਪਾਲਕ, ਅੱਧੇ ਕਰਾਸ-ਬ੍ਰੀਡ ਪਾਲਕ ਅਤੇ 41 ਫ਼ੀਸਦੀ ਦੇਸੀ ਪਸ਼ੂ ਪਾਲਕ ਜਲਵਾਯੂ ਤਬਦੀਲੀ ਤੋਂ ਪ੍ਰਭਾਵਿਤ ਹੋਏ ਹਨ। ਬਿਮਾਰੀਆਂ ਵਧਣਾ, ਜਾਨਵਰਾਂ ਦੀ ਮੌਤ ਅਤੇ ਬੇਚੈਨੀ ਵਰਗੀਆਂ ਸਮੱਸਿਆਵਾਂ ਆਮ ਹੋ ਰਹੀਆਂ ਹਨ।

# ਮੰਦੇ ਭਾਅ ਤੇ ਮੌਸਮੀ ਮਾਰ ਨੇ ਆਲੂ ਉਤਪਾਦਕਾਂ ਦੀ ਵਧਾਈ ਚਿੰਤਾ

## ਆਲੂ 'ਤੇ ਆਈ ਲਾਗਤ ਵੀ ਪੂਰੀ ਹੁੰਦੀ ਦਿਖਾਈ ਨਹੀਂ ਦੇ ਰਹੀ

ਪਹਿਲਾਂ ਬਾਜ਼ਾਰ ਵਿੱਚ ਭਾਅ ਬੇਹੱਦ ਮੰਦਾ ਰਹਿਣ ਅਤੇ ਹੁਣ ਬੇਮੌਸਮੀਆਂ ਬਰਸਾਤਾਂ ਨੇ ਇੱਕ ਤਰ੍ਹਾਂ ਨਾਲ ਆਲੂ ਉਤਪਾਦਕਾਂ ਦੀਆਂ ਆਰਥਿਕ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਪਹਿਲਾਂ ਕਿਸਾਨਾਂ ਨੂੰ



ਆਸ ਸੀ ਕਿ ਮੰਦੇ ਭਾਅ ਦੇ ਬਾਵਜੂਦ ਇਸ ਵਾਰ ਚੰਗੇ ਝਾੜ ਨਾਲ ਘੱਟ-ਘੱਟ ਆਲੂ 'ਤੇ ਆਈ ਲਾਗਤ ਤਾਂ ਪੂਰੀ ਹੋ ਜਾਵੇਗੀ, ਪਰ ਮੌਜੂਦਾ ਮੌਸਮੀ ਕਰੋਪੀ ਦੇ ਚਲਦਿਆਂ ਉਹ ਆਸ ਵੀ ਟੁੱਟਦੀ ਨਜ਼ਰ ਆ ਰਹੀ ਹੈ, ਕਿਉਂਕਿ ਪਿਛਲੇ ਇੱਕ ਹਫਤੇ ਵਿੱਚ ਦੋ ਵਾਰ ਪਏ ਮੀਂਹ ਕਾਰਨ ਅਤੇ ਮੌਸਮ ਵਿਭਾਗ ਦੇ ਮਾਹਿਰਾਂ ਵੱਲੋਂ ਫਰਵਰੀ ਮਹੀਨੇ ਵਿੱਚ ਵੀ ਮੀਂਹ ਦੀ ਚੇਤਾਵਨੀ ਕਾਰਨ ਨੁਕਸਾਨ ਦੇ ਹੋਰ ਵੀ ਵੱਡੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਬਾਗਬਾਨੀ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਲਗਭਗ 1.20 ਲੱਖ ਤੋਂ 1.22 ਲੱਖ ਹੈਕਟੇਅਰ ਰਕਬੇ ਵਿੱਚ ਆਲੂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਰਕਬੇ ਤੋਂ ਹਰ ਸਾਲ ਕਰੀਬ 32 ਲੱਖ ਤੋਂ 35 ਲੱਖ ਟਨ ਤੱਕ ਆਲੂ ਦਾ ਉਤਪਾਦਨ ਹੁੰਦਾ ਹੈ। ਸੰਨ 2024 ਦੌਰਾਨ ਪੰਜਾਬ ਵਿੱਚ 32.38 ਲੱਖ ਟਨ ਆਲੂ ਪੈਦਾ ਹੋਇਆ ਸੀ, ਜਿਸ ਦਾ ਵੱਡਾ ਹਿੱਸਾ ਬੀਜ ਅਤੇ ਪ੍ਰੋਸੈਸਿੰਗ ਸਨਅਤ ਲਈ ਵਰਤਿਆ ਗਿਆ।

ਵਰਨਣਯੋਗ ਹੈ ਕਿ ਪੰਜਾਬ ਦੇ ਆਲੂ ਦੀ 'ਬੀਜ ਅਤੇ ਪ੍ਰੋਸੈਸਿੰਗ ਉਦਯੋਗ' ਵਿੱਚ ਬੇਹੱਦ ਮੰਗ ਹੋਣ ਦੇ ਬਾਵਜੂਦ ਕਿਸਾਨਾਂ ਨੂੰ ਮੰਡੀ ਵਿੱਚ ਇਸ ਵਾਰ ਆਲੂ ਦੀ ਉਚਿੱਤ ਕੀਮਤ ਨਹੀਂ ਮਿਲ ਰਹੀ। ਹੁਣ ਜਦੋਂ ਪੰਜਾਬ ਵਿੱਚ ਆਲੂ ਦੀ ਪੁਟਾਈ ਦਾ ਕੰਮ ਸ਼ੁਰੂ ਹੋ ਗਿਆ ਤਾਂ ਮੌਸਮੀ ਕਰੋਪੀ ਨੇ ਆਲੂ ਉਤਪਾਦਕਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਵਧਾ ਦਿੱਤਾ ਹੈ, ਕਿਉਂਕਿ ਪੰਜਾਬ ਵਿੱਚ ਲਗਾਤਾਰ ਪਏ ਦੋ ਮੀਂਹਾਂ ਨੇ ਪੰਜਾਬ ਦੇ ਵੱਡੇ ਹਿੱਸੇ ਵਿੱਚ ਪੁਟਾਈ 8-10 ਦਿਨਾਂ ਤੱਕ ਰੋਕ ਦਿੱਤੀ ਹੈ। ਪਿੰਡ ਭੋਲੀਏ ਦੇ ਕਿਸਾਨ ਗੁਰਸੰਤ ਸਿੰਘ ਸਵੈਚ ਨੇ ਦੱਸਿਆ ਕਿ ਮੀਂਹ ਕਾਰਨ ਪੰਜਾਬ ਦੇ ਬਹੁਤ ਸਾਰੇ ਖੇਤਰਾਂ ਵਿੱਚ ਆਲੂ ਦੀ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ, ਜਿਸ ਨੂੰ ਬਚਾਉਣ ਲਈ ਕਿਸਾਨ ਜੇ. ਬੀ. ਸੀ. ਮਸ਼ੀਨਾਂ ਲਗਾ ਕੇ ਟੋਏ ਪੁੱਟ ਰਹੇ ਹਨ ਅਤੇ ਬਹੁਤ ਸਾਰੇ ਕਿਸਾਨ ਪੰਪਸੈਟ ਲਗਾ ਕੇ ਖੇਤਾਂ ਵਿੱਚੋਂ ਪਾਣੀ ਕੱਢ ਰਹੇ ਹਨ। ਪਿਛਲੇ ਲੰਬੇ ਸਮੇਂ ਤੋਂ ਵੱਖ-ਵੱਖ ਕੰਪਨੀਆਂ ਨੂੰ ਆਲੂ ਦਾ ਬੀਜ ਤਿਆਰ ਕਰਨ ਲਈ ਤਕਨੀਕੀ ਸੇਵਾਵਾਂ ਦੇ ਰਹੇ ਖੇਤੀ ਵਿਗਿਆਨੀ ਡਾ. ਹਰਕੀਰਤ ਸਿੰਘ ਗਿੱਲ ਨੇ ਦੱਸਿਆ ਕਿ ਆਲੂ ਇੱਕ ਅਜਿਹੀ ਫ਼ਸਲ ਹੈ, ਜੋ ਖੇਤਾਂ ਵਿੱਚ ਭਰੇ ਥੋੜ੍ਹੇ ਜਿਹੇ ਜ਼ਿਆਦਾ ਪਾਣੀ ਨਾਲ ਹੀ ਸੜ ਜਾਂਦੀ ਹੈ। ਉਨ੍ਹਾਂ ਇਹ ਵੀ ਖਦਸ਼ਾ ਜ਼ਾਹਿਰ ਕੀਤਾ ਕਿ ਪਾਣੀ ਲੱਗੇ ਆਲੂ ਦਾ ਕੋਲਡ ਸਟੋਰਾਂ ਵਿੱਚ ਵੀ ਸੜਨ ਦਾ ਖਤਰਾ ਵੱਧ ਜਾਂਦਾ ਹੈ। ਡਾ. ਗਿੱਲ ਨੇ ਦੱਸਿਆ ਕਿ ਦੇਸ਼ ਵਿੱਚ ਆਲੂ ਦਾ ਕੁੱਲ ਉਤਪਾਦਨ ਲਗਭਗ 6 ਕਰੋੜ ਟਨ ਹੁੰਦਾ ਹੈ, ਜਿਸ ਲਈ ਕਰੀਬ 60 ਲੱਖ ਟਨ ਬੀਜ ਦੀ ਲੋੜ ਪੈਂਦੀ ਹੈ, ਜਿਸ ਦਾ ਵੱਡਾ ਹਿੱਸਾ ਪੰਜਾਬ ਪੈਦਾ ਕਰਦਾ ਹੈ। ਇਸ ਲਈ ਚੱਲ ਰਿਹਾ ਮੌਸਮੀ ਵਿਗਾੜ ਆਲੂ ਦੇ ਬੀਜ ਲਈ ਪੂਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ।



ਲੁਧਿਆਣਾ ਨੇੜਲੇ ਪਿੰਡ ਵਿੱਚ ਖੇਤ ਵਿੱਚੋਂ ਪਾਣੀ ਕੱਢਦਾ ਹੋਇਆ ਕਿਸਾਨ।

### ਸਿਆਲਾਂ ਦੀ ਬਾਰਿਸ਼ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕ ਲਿਆਂਦੀ

# ਕਣਕ ਦੀ ਫਸਲ ਲਈ ਮੀਂਹ ਵਰਦਾਨ

- ਸਿਆਲ ਰੁੱਤ ਦਾ ਮੀਂਹ ਪੂਰੀ ਪ੍ਰਕਿਰਤੀ ਲਈ ਮਹੱਤਤਾ ਰੱਖਦਾ ਹੈ – ਡਾ. ਬਲਦੇਵ ਸਿੰਘ
- ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰੇਗਾ ਠੰਢ ਵਿੱਚ ਪਿਆ ਮੀਂਹ – ਕਿਸਾਨ ਚਰਨਦਾਸ

ਪਿਛਲੇ ਦਿਨੀਂ ਪਏ ਮੀਂਹ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕ ਲੈ ਆਂਦੀ ਹੈ। ਡਾ. ਬਲਦੇਵ ਸਿੰਘ ਸਾਬਕਾ ਨਿਰਦੇਸ਼ਕ ਖੇਤੀਬਾੜੀ ਵਿਭਾਗ ਪੰਜਾਬ ਨੇ ਦੱਸਿਆ ਕਿ ਸਿਆਲ ਰੁੱਤ ਦਾ ਮੀਂਹ ਕੇਵਲ ਫ਼ਸਲਾਂ ਲਈ ਹੀ ਨਹੀਂ, ਬਲਕਿ ਪੂਰੀ ਪ੍ਰਕਿਰਤੀ ਲਈ ਬਹੁਤ ਮਹੱਤਤਾ ਰੱਖਦਾ ਹੈ। ਉਨ੍ਹਾਂ ਦੱਸਿਆ ਕਿ ਸਿਆਲੂ ਮੀਂਹ ਕੇਵਲ ਕਣਕ ਲਈ ਨਹੀਂ, ਬਲਕਿ ਬਾਗਬਾਨੀ ਦੀਆਂ ਫ਼ਸਲਾਂ ਲਈ ਵੀ ਵਰਦਾਨ ਤੋਂ ਘੱਟ ਨਹੀਂ ਹੁੰਦਾ। ਠੰਢ ਅਤੇ ਧੁੰਦ ਕਾਰਨ ਕਣਕ ਅਤੇ ਆਲੂਆਂ ਦੇ ਪੱਤਿਆਂ ਦਾ ਰੰਗ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ, ਜਦੋਂਕਿ ਮੀਂਹ ਪਿੱਛੋਂ ਇਨ੍ਹਾਂ ਉੱਪਰ ਨਿਖਾਰ ਆਉਣਾ ਸ਼ੁਰੂ ਹੋ ਜਾਂਦਾ ਹੈ।

ਮੀਂਹ ਦੇ ਪਾਣੀ ਵਿੱਚ ਨਾਈਟਰੋਜਨ ਦੇ ਤੱਤ ਹੁੰਦੇ ਹਨ, ਜੋ ਹਾੜ੍ਹੀ ਦੀਆਂ ਫ਼ਸਲਾਂ ਨੂੰ ਘਿਓ ਵਾਂਗ ਲੱਗਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਲਗਭਗ 35 ਲੱਖ 15 ਹਜ਼ਾਰ ਹੈਕਟੇਅਰ ਪੈਲੀ ਵਿੱਚ ਕਣਕ ਦੀ ਫ਼ਸਲ ਖੜ੍ਹੀ ਹੈ, ਜਦੋਂਕਿ 1 ਲੱਖ ਹੈਕਟੇਅਰ ਪੈਲੀ ਵਿੱਚ ਆਲੂਆਂ ਦੀ ਬਿਜਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਨਵੰਬਰ, ਦਸੰਬਰ ਜਾਂ ਜਨਵਰੀ ਦੇ ਪਹਿਲੇ ਜਾਂ ਦੂਜੇ ਹਫਤੇ ਮੀਂਹ ਪੈ ਜਾਂਦਾ ਹੈ, ਪਰ ਇਸ ਵਾਰ ਮੀਂਹ ਦੇਰ ਨਾਲ ਪਿਆ ਹੈ। ਉਨ੍ਹਾਂ ਦੱਸਿਆ ਕਿ ਮੀਂਹ ਨਾਲ ਸਿੰਜਾਈ ਦਾ ਪਾਣੀ ਬਚੇਗਾ। ਜਿਹੜੇ ਕਿਸਾਨਾਂ ਨੇ ਆਲੂਆਂ ਦੀ ਫ਼ਸਲ ਦੀ ਪੁਟਾਈ ਕਰ ਲਈ ਹੈ, ਉਹ ਸੂਰਜਮੁਖੀ ਅਤੇ ਮੱਕੀ ਦੀ ਫ਼ਸਲ ਦੀ ਬਿਜਾਈ ਬਿਨਾਂ ਸਿੰਚਾਈ ਕਰਨ ਤੋਂ ਕਰ ਸਕਦੇ ਹਨ, ਇਸ ਤਰ੍ਹਾਂ ਇਹ ਮੀਂਹ ਸੂਰਜਮੁਖੀ ਅਤੇ ਮੱਕੀ ਦੀ ਫ਼ਸਲ ਲਈ ਵੀ ਲਾਹੇਵੰਦ ਸਾਬਤ ਹੋਵੇਗਾ। ਇੱਥੇ ਹੀ ਗੱਲ ਨਹੀਂ ਮੁੱਕਦੀ ਸਿਆਲੂ ਮੀਂਹ ਬਾਗਬਾਨੀ ਦੀਆਂ ਫ਼ਸਲਾਂ ਲਈ ਚੰਗਾ ਮੰਨਿਆ ਜਾਂਦਾ ਹੈ, ਨਵੇਂ ਪੱਤੇ ਆਉਂਦੇ ਹਨ ਅਤੇ ਫ਼ਲ ਲਈ ਬੂਰ ਪੈਂਦਾ ਹੈ। ਸਾਰਿਆਂ ਰੁੱਖਾਂ, ਫਲਦਾਰ ਅਤੇ ਫੁੱਲਾਂ ਵਾਲੇ ਬੂਟਿਆਂ ਉੱਪਰ ਜੰਮੀ ਮਿੱਟੀ ਧੂੜ ਦੀ ਤਹਿ ਲਹਿ ਜਾਂਦਾ ਹੈ, ਜਿਸ ਪਿੱਛੋਂ ਫੁੱਲ, ਬੂਟੇ ਵਧਦੇ-ਫੁਲਦੇ ਹਨ, ਵਾਤਾਵਰਣ ਸਾਫ਼ ਹੋ ਜਾਂਦਾ ਹੈ, ਠੰਢ ਘਟਣੀ ਸ਼ੁਰੂ ਹੋ ਜਾਂਦੀ ਹੈ, ਖੰਘ ਜ਼ੁਕਾਮ ਤੇ ਬੁਖਾਰ ਤੋਂ ਛੁਟਕਾਰਾ ਮਿਲਦਾ ਹੈ। ਠੰਡ ਘਟਣ ਪਿੱਛੋਂ ਪਸ਼ੂ ਪੰਛੀ ਵੀ ਠੰਡ ਤੋਂ ਰਾਹਤ ਮਹਿਸੂਸ ਕਰਦੇ ਹਨ। ਕਿਸਾਨ ਸੁਖਵਿੰਦਰ ਸਿੰਘ ਬਸੈਮੀ ਨੇ ਕਿਹਾ ਕਿ ਆਮ ਨਾਲੋਂ ਇਸ ਵਾਰ ਮੀਂਹ ਭਾਵੇਂ ਪਛੜ ਕੇ ਪਿਆ ਹੈ, ਪਰ ਪਿਆ ਵਧੀਆ ਹੈ, ਜੋ ਕਣਕ ਦੀ ਫ਼ਸਲ ਲਈ ਚੰਗਾ ਹੋਵੇਗਾ। ਕਣਕ ਦੇ ਬੂਟਿਆਂ ਦਾ ਰੁਕਿਆ ਵਿਕਾਸ ਮੁੜ ਚਾਲੂ ਹੋਵੇਗਾ। ਇਸੇ ਤਰ੍ਹਾਂ ਹੀ ਕਿਸਾਨ ਜਸਪਾਲ ਸਿੰਘ ਨੂਰਪੁਰ ਬੇਟ ਨੇ ਕਿਹਾ ਕਿ ਇਸ ਮੀਂਹ ਨਾਲ ਕਣਕ ਦਾ ਝਾੜ ਚੰਗਾ ਹੋਣ ਦੀ ਸੰਭਾਵਨਾ ਹੈ। ਕਿਸਾਨ ਚਰਨਦਾਸ ਤਲਵੰਡੀ ਕਲਾਂ ਨੇ ਕਿਹਾ ਕਿ ਭਵਿੱਖ ਵਿੱਚ ਜੇ ਕੋਈ ਬਿਮਾਰੀ ਨਾ ਲੱਗੇ ਤਾਂ ਇਹ ਮੀਂਹ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰੇਗਾ।

# ਮਿੱਟੀ ਦੀ ਸਿਹਤ ਅਤੇ ਕਣਕ ਦੀ ਫ਼ਸਲ ਲਈ ਵਰਦਾਨ ਕੰਨਸੌਰਸ਼ੀਅਮ ਜੀਵਾਣੂੰ ਖਾਦ ਦਾ ਜਾਗ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਣਕ ਦੀ ਫ਼ਸਲ ਲਈ ਕੰਸੋਰਸ਼ੀਅਮ ਜੀਵਾਣੂੰ, ਖਾਦ ਦੀ ਸਿਫ਼ਾਰਿਸ਼ ਕੀਤੀ ਗਈ ਹੈ, ਜੋ ਕਿ ਤਿੰਨ ਵੱਖ-ਵੱਖ ਜੀਵਾਣੂਆਂ ਦਾ ਮਿਸ਼ਰਣ ਹੈ, ਜਿਸ ਵਿੱਚ 'ਅਜ਼ੋਟੋਬੈਕਟਰ ਕਰੂਓਕੁਮ' ਜੀਵਾਣੂੰ, ਹਵਾ ਵਿਚਲੀ ਨਾਈਟ੍ਰੋਜਨ ਨੂੰ ਜਮ੍ਹਾਂ ਕਰਕੇ, 'ਬੇਸਿਲਸ ਸਬਟਿਲਸ' ਅਣਘੁੱਲੀ ਫਾਸਫੋਰਸ ਨੂੰ ਘੁਲਣਸ਼ੀਲ ਰੂਪ ਵਿੱਚ ਤਬਦੀਲ ਕਰਕੇ ਅਤੇ ਸੂਡੋਮੋਨਾਸ ਜੀਵਾਣੂ ਪੌਦੇ ਲਈ ਫਾਈਟੋਹਾਰਮੋਨ ਬਣਾ ਕੇ ਪੌਦੇ ਦੇ ਵਿਕਾਸ ਅਤੇ ਝਾੜ ਵਿੱਚ ਵਾਧਾ ਕਰਨ ਵਿੱਚ ਸਮਰੱਥ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਣਕ ਲਈ ਅੱਧਾ ਕਿੱਲੋ ਕੰਸੋਰਸ਼ੀਅਮ ਜੀਵਾਣੂੰ ਖਾਦ ਦਾ ਪੈਕੇਟ ਇੱਕ ਏਕੜ ਦੇ ਬੀਜਾਂ ਲਈ 50 ਰੁਪਏ ਕੀਮਤ ਤੇ ਮੁਹੱਈਆ



ਕਰਵਾਇਆ ਜਾਂਦਾ ਹੈ, ਜਿਸਨੂੰ ਬਿਜਾਈ ਤੋਂ ਪਹਿਲਾਂ ਕਣਕ ਦੇ ਬੀਜਾਂ ਨੂੰ ਲਾਉਣ ਲਈ ਮਿੱਟੀ ਅਤੇ ਫ਼ਸਲ ਦੀ ਸਿਹਤ ਵਿੱਚ ਸੁਧਾਰ ਦੇ ਨਾਲ-ਨਾਲ ਕਣਕ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ।

**ਕਣਕ ਲਈ ਕੰਸੋਰਸ਼ੀਅਮ ਜੀਵਾਣੂੰ ਖਾਦ ਵਰਤਣ ਦਾ ਢੰਗ** : ਅੱਧਾ ਕਿੱਲੋ ਜੀਵਾਣੂੰ ਖਾਦ ਦੇ ਪੈਕੇਟ ਨੂੰ ਅੱਧਾ ਲੀਟਰ ਪਾਣੀ ਵਿੱਚ ਘੋਲਣ ਤੋ ਬਾਦ ਇਸ ਘੋਲ ਨੂੰ ਇੱਕ ਏਕੜ ਦੇ ਕਣਕ ਦੇ ਬੀਜਾਂ ਨਾਲ ਸਾਫ ਫਰਸ਼ ਜਾਂ ਤਰਪਾਲ ਉੱਤੇ ਚੰਗੀ ਤਰ੍ਹਾਂ ਮਿਲਾਉਣਾ ਹੈ, ਜਿਸ ਉਪਰੰਤ ਬੀਜਾਂ ਨੂੰ ਛਾਵੇਂ ਸੁਕਾ ਕੇ ਖੇਤ ਵਿੱਚ ਬੀਜਿਆ ਜਾ ਸਕਦਾ ਹੈ।

**ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ** : ਜੀਵਾਣੂੰ ਖਾਦ ਵਰਤਣ ਦਾ ਕੋਈ ਨੁਕਸਾਨ ਨਹੀਂ ਹੈ, ਬਸ ਇਹਨਾਂ ਨੂੰ ਵਰਤਣ ਵੇਲੇ ਕੁੱਝ ਹਦਾਇਤਾਂ ਦਾ ਧਿਆਨ ਰੱਖਦਾ ਚਾਹੀਦਾ ਹੈ, ਜਿਵੇਂ ਕਿ ਜੀਵਾਣੂੰ ਖਾਦ ਦੇ ਪੈਕੇਟ ਨੂੰ ਸਿੱਧੀ ਧੁੱਪ ਤੋਂ ਦੂਰ ਠੰਡੀ ਛਾਂ ਵਾਲੀ ਥਾਂ ਰੱਖਣਾ ਚਾਹੀਦਾ ਹੈ। ਜੀਵਾਣੂੰ ਖਾਦ ਨੂੰ ਪੈਕੇਟ ਤੇ ਦਰਸਾਏ ਮਿਆਦ ਤੋਂ ਪਹਿਲਾਂ ਹੀ ਵਰਤਣਾ ਚਾਹੀਦਾ ਅਤੇ ਇਹਨਾਂ ਖਾਦਾਂ ਨੂੰ ਰਸਾਇਣਿਕ ਖਾਦਾਂ ਨਾਲ ਰਲਾ ਕੇ ਨਹੀਂ ਵਰਤਣਾ ਚਾਹੀਦਾ।

**ਜੀਵਾਣੂੰ ਖਾਦਾਂ ਦੀ ਉਪਲੱਬਧਤਾ** : ਇਹ ਜੀਵਾਣੂੰ ਖਾਦਾਂ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ, ਗੇਟ ਨੰ. 1 ਤੇ ਬੀਜਾਂ ਦੀ ਦੁਕਾਨ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰ/ ਫਾਰਮ ਸਲਾਹਕਾਰ ਕੇਂਦਰਾਂ ਅਤੇ ਖੇਤਰੀ ਖੋਜ ਕੇਂਦਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜੀਵਾਣੂੰ ਖਾਦਾਂ ਦੇ ਲਾਭ ਅਤੇ ਵਰਤਣ ਸੰਬੰਧੀ ਵਧੇਰੇ ਜਾਣਕਾਰੀ ਦਫਤਰ ਮੁੱਖੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਜਾਂ hodmb@pau.edu ਤੇ ਈਮੇਲ ਕਰਕੇ ਜਾਂ 0161-2401960 ਲੁਧਿਆਣਾ ਐਕਸਟੇਂਸ਼ਨ 330 ਤੇ ਸੰਪਰਕ ਕਰਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

**- ਸੁਮਨ ਕੁਮਾਰੀ ਅਤੇ ਸੀਮਾ ਗਰਚਾ, ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 79736-40929)




# ਮੀਂਹ ਕਾਰਨ ਟਮਾਟਰਾਂ ਦੀ ਪਨੀਰੀ ਪ੍ਰਭਾਵਿਤ, ਬਿਜਾਈ ਪੱਛੜੀ

ਪਿਛਲੇ ਦਿਨਾਂ ਤੋਂ ਰੁਕ-ਰੁਕ ਕੇ ਹੋ ਰਹੀ ਬਾਰਿਸ਼ ਅਤੇ ਗੜੇਮਾਰੀ ਕਾਰਨ ਟਮਾਟਰਾਂ ਦੀ ਪਨੀਰੀ ਪ੍ਰਭਾਵਿਤ ਹੋਣ ਤੋਂ ਇਲਾਵਾ ਤਿਆਰ ਕੀਤੇ ਖੇਤਾਂ ਵਿੱਚ ਪਾਣੀ ਖੜ੍ਹਾ ਹੋਣ ਕਰਕੇ ਟਮਾਟਰਾਂ ਦੀ ਬਿਜਾਈ ਪੱਛੜ ਗਈ ਹੈ। ਹਰ ਸਾਲ ਟਮਾਟਰਾਂ ਦੀ ਕਾਸ਼ਤ ਕਰਦੇ ਆ ਰਹੇ ਪਿੰਡ ਨਿੱਜਰਪੁਰ ਦੇ ਟਮਾਟਰ ਕਾਸ਼ਤਕਾਰ ਬਲਕਾਰ ਸਿੰਘ, ਬਲਬੀਰ ਸਿੰਘ, ਅਮਨ ਸਿੰਘ ਆਦਿ ਨੇ ਦੱਸਿਆ ਕਿ ਇਸ ਵਾਰ ਰਾਣੀ ਨਾਮਕ ਹਾਈਬ੍ਰਿਡ ਟਮਾਟਰ ਦਾ ਬੀਜ, ਪੰਜਾਬ ਵਿੱਚ ਸਪਲਾਈ ਨਾ ਹੋਣ ਕਾਰਨ ਉਨ੍ਹਾਂ ਨੂੰ ਹਰਿਆਣੇ ਤੋਂ ਚਾਰ ਗੁਣਾ ਵੱਧ ਰੇਟ ਵਿੱਚ ਟਮਾਟਰਾਂ ਦਾ ਬੀਜ ਖਰੀਦ ਕੇ ਪਨੀਰੀ ਤਿਆਰ ਕੀਤੀ ਜਾ ਰਹੀ ਸੀ, ਪਰੰਤੂ ਮੀਂਹ ਅਤੇ ਗੜੇਮਾਰੀ ਨੇ ਪਨੀਰੀਆਂ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਨਿੱਜਰਪੁਰ ਵਿੱਚ ਵੱਖ-ਵੱਖ ਕਿਸਾਨਾਂ ਵੱਲੋਂ 200 ਏਕੜ ਤੋਂ ਵੱਧ ਜ਼ਮੀਨ ਵਿੱਚ ਟਮਾਟਰਾਂ ਦੀ ਬਿਜਾਈ ਕੀਤੀ ਗਈ ਸੀ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਵੱਲੋਂ ਅਕਤੂਬਰ ਦੇ ਆਖਰੀ ਹਫਤੇ ਟਮਾਟਰਾਂ ਦੀ ਰਾਣੀ ਕਿਸਮ ਦੇ ਹਾਈਬ੍ਰਿਡ ਟਮਾਟਰਾਂ ਦੀ ਬਿਜਾਈ ਸ਼ੁਰੂ ਕੀਤੀ ਸੀ। ਇਸ ਵਾਰ ਰਾਣੀ ਹਾਈਬ੍ਰਿਡ ਟਮਾਟਰ ਕਿਸਮ ਦੇ ਬੀਜ ਪੰਜਾਬ ਦੇ ਬੀਜ ਦੀ ਸਪਲਾਈ ਵਿਕਰੇਤਾਵਾਂ ਕੋਲੋਂ ਨਾ ਪਹੁੰਚਣ ਕਰਕੇ ਉਨ੍ਹਾਂ ਨੇ ਹਰਿਆਣੇ ਤੋਂ ਇਸ ਟਮਾਟਰ ਦੀ ਕਿਸਮ ਦੇ ਬੀਜ ਮੰਗਵਾ ਕੇ ਆਪਣੇ ਖੇਤਾਂ ਵਿੱਚ ਟਮਾਟਰ ਦੀ ਪਨੀਰੀ ਤਿਆਰ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਟਮਾਟਰ ਦੇ ਬੀਜ ਦੀ ਕਿੱਲਤ ਹੋਣ ਕਾਰਨ ਜੋ ਪਹਿਲੇ ਸਾਲ 10 ਗ੍ਰਾਮ ਦਾ ਟਮਾਟਰ ਦਾ ਪੈਕਟ 450 ਤੋਂ ਲੈ ਕੇ 500 ਰੁਪਏ ਤੱਕ ਮਿਲ ਜਾਂਦਾ ਸੀ, ਜਦੋਂਕਿ ਇਸ ਵਾਰ 1500 ਤੋਂ ਲੈ ਕੇ 1800 ਤੱਕ ਬੜੀ ਮੁਸ਼ਕਿਲ ਨਾਲ ਮਿਲਿਆ ਹੈ। ਬੀਜ ਦੀ ਕਿੱਲਤ ਦਾ ਕਾਰਨ ਪਿਛਲੇ ਸਮਿਆਂ ਵਿੱਚ ਮੌਸਮ ਖਰਾਬ ਹੋਣਾ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਇਸ ਵਾਰ ਬੀਜ ਮਹਿੰਗਾ ਹੋਣ ਅਤੇ ਘੱਟ ਮਿਲਣ ਕਾਰਨ ਟਮਾਟਰ ਦੀ ਪਨੀਰੀ ਘੱਟ ਹੈ ਅਤੇ ਕਾਸ਼ਤਕਾਰਾਂ ਵੱਲੋਂ ਟਮਾਟਰ ਦੀ ਬਿਜਾਈ ਜਨਵਰੀ ਮਹੀਨੇ ਦੇ ਪਹਿਲੇ ਹਫਤੇ ਸ਼ੁਰੂ ਕਰ ਦਿੱਤੀ ਸੀ ਅਤੇ ਕਈ ਖੇਤਾਂ ਵਿੱਚ ਟਮਾਟਰਾਂ ਦੀ ਬਿਜਾਈ ਲਈ ਬੈਡ ਤਿਆਰ ਕਰ ਲਏ ਗਏ ਸਨ, ਪਰ ਪਿਛਲੇ ਦਿਨਾਂ ਤੋਂ ਹੋ ਰਹੀ ਤੇਜ਼ ਬਾਰਿਸ਼ ਅਤੇ ਮੰਗਲਵਾਰ ਨੂੰ ਮੀਂਹ ਅਤੇ ਗੜੇਮਾਰੀ ਕਾਰਨ ਟਮਾਟਰ ਦੀ ਪਨੀਰੀ ਖਰਾਬ ਹੋਣ ਤੋਂ ਇਲਾਵਾ ਖੇਤਾਂ ਵਿੱਚ ਪਾਣੀ ਖੜ੍ਹ ਗਿਆ ਹੈ।

ਉਨ੍ਹਾਂ ਕਿਹਾ ਕਿ ਮੀਂਹ ਦੇ ਪਾਣੀ ਅਤੇ ਗੜਿਆਂ ਨਾਲ ਖੇਤਾਂ ਵਿੱਚ ਬਿਜਾਈ ਕੀਤੇ ਟਮਾਟਰ ਦੇ ਬੂਟੇ ਵੀ ਨਸ਼ਟ ਹੋ ਗਏ। ਮੌਸਮ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਵੀ ਬਾਰਿਸ਼ ਹੋਣ ਸੰਬੰਧੀ ਭਵਿੱਖਬਾਣੀ ਕੀਤੀ ਜਾ ਰਹੀ ਹੈ, ਜਿਸ ਕਰਕੇ ਟਮਾਟਰ ਕਾਸ਼ਤਕਾਰਾਂ ਦੇ ਚਿਹਰੇ ਮੁਰਝਾਏ ਹੋਏ ਹਨ। ਇਸ ਦੌਰਾਨ ਕਾਸ਼ਤਕਾਰਾਂ ਨੇ ਦੱਸਿਆ ਕਿ ਜੇ ਇਸੇ ਤਰ੍ਹਾਂ ਹੀ ਬਾਰਿਸ਼ ਹੁੰਦੀ ਰਹੀ ਤਾਂ ਇਸ ਵਾਰ ਟਮਾਟਰਾਂ ਦੀ ਫ਼ਸਲ ਦੀ ਬਿਜਾਈ 'ਤੇ ਵੱਡਾ ਅਸਰ ਪਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਟਮਾਟਰ ਦੀ ਕਿੱਲਤ ਵੀ ਹੋ ਸਕਦੀ ਹੈ।